ਪੰਨਾ ਨੰ.:06 ਲੇਖ
ਆਖ਼ਿਰ ਨੂੰ ਭਾਣਾ ਵਰਤ ਗਿਆ !



05

ਅੰਦਰਲੀ ਖ਼ਬਰ
ਮੋਗਾ ਰੈਲੀ ਲਈ ਬਠਿੰਡਾ ਤੋਂ ਲਗਪਗ 200 ਬੱਸਾਂ ਰਵਾਨਾ: ਲੰਮੇ ਰੂਟਾਂ ਦੇ ਮੁਸਾਫ਼ਰ ਖੱਜਲ-ਖ਼ੁਆਰ

ਅੰਦਰਲੀ ਖ਼ਬਰ
ਵਿਕਟੋਰੀਆ ਜ਼ਜੀਰਾ ਵੇਖਣ ਈ ਵਾਲਾ ਏ...



07

ਪੰਨਾ ਨੰ.:11
ਗੁਰੂ ਨਾਨਕ ਦੇਵ ਜੀ ਦਾ ਸੰਦੇਸ਼: ਬਰਾਬਰੀ, ਨਿਮਰਤਾ ਅਤੇ ਨਿਸ਼ਕਾਮ ਸੇਵਾ

PUNJABSTAR.COM
ਪੰਜਾਬ ਸਟਾਰ

Phone: 905-673-7666 , Fax: 1-289-206-8611
26 ਨਵੰਬਰ ਤੋਂ 02 ਦਸੰਬਰ, 2026
Email :- editor@punjabstar.com, Vo. 20. Issue:1265

ਯੂ.ਏ.ਈ. 'ਚ ਭਾਰਤੀ ਸਮੇਤ 13 ਲੋਕਾਂ ਦੀ ਹਾਦਸੇ 'ਚ ਮੌਤ



ਯੂ.ਏ.ਈ. (ਪੰਜਾਬ ਸਟਾਰ ਬਿਓਰੋ): ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਦੇ ਰਾਸ ਅਲ ਖੈਮਾਹ ਵਿਚ ਇਕ ਭਿਆਨਕ ਸੜਕ ਹਾਦਸਾ ਵਾਪਰ ਗਿਆ ਹੈ। ਇਥੇ ਬੱਸ ਤੇ ਟਰੱਕ ਵਿਚਾਲੇ ਭਿਆਨਕ ਟੱਕਰ ਹੋ ਗਈ। ਹਾਦਸੇ ਵਿਚ 13 ਲੋਕਾਂ ਦੀ ਮੌਤ ਹੋ ਗਈ । ਮ੍ਰਿਤਕਾਂ ਵਿਚ ਭਾਰਤੀ ਨਾਗਰਿਕ ਵੀ ਸ਼ਾਮਲ ਹਨ । * ਬਾਕੀ ਸਫ਼ਾ 2 'ਤੇ

ਅਮਰੀਕਾ ਦੇ ਮਿਸੀਸਿਪੀ ਤੱਟ ਨੇੜੇ ਛੋਟਾ ਜਹਾਜ਼ ਹਾਦਸਾਗ੍ਰਸਤ, ਦੋ ਬੱਚਿਆਂ ਸਮੇਤ ਛੇ ਮੌਤਾਂ



(ਪੰਜਾਬ ਸਟਾਰ ਬਿਓਰੋ): ਅਮਰੀਕਾ ਦੇ ਮਿਸੀਸਿਪੀ ਤੱਟ ਨੇੜੇ ਇੱਕ ਛੋਟਾ ਜਹਾਜ਼ ਮੈਕਸੀਕੋ ਦੀ ਖਾੜੀ ਵਿੱਚ ਹਾਦਸਾਗ੍ਰਸਤ ਹੋ ਗਿਆ, ਜਿਸ ਵਿੱਚ ਸਵਾਰ ਸਾਰੇ 6 ਲੋਕਾਂ ਦੀ ਮੌਤ ਹੋ ਗਈ। ਅਮਰੀਕੀ ਕੋਸਟ ਗਾਰਡ ਵੱਲੋਂ ਜਾਰੀ ਜਾਣਕਾਰੀ ਅਨੁਸਾਰ, ਮ੍ਰਿਤਕਾਂ ਵਿੱਚ 8 ਅਤੇ 10 ਸਾਲ ਦੇ ਦੋ ਲੜਕੇ ਵੀ ਸ਼ਾਮਲ ਹਨ।

4 ਘੰਟੇ ਚੱਲਿਆ ਸਰਚ ਆਪ੍ਰੇਸ਼ਨ

ਅਧਿਕਾਰੀਆਂ ਮੁਤਾਬਕ ਸੈਸਨਾ ਸੈਂਚੁਰੀਅਨ 210 ਜਹਾਜ਼ ਮਿਸੀਸਿਪੀ ਦੇ ਪਾਸਕਾਗੌਲਾ * ਬਾਕੀ ਸਫ਼ਾ 2 'ਤੇ

ਮਿਸਰ 'ਚ ਤੇਲ ਟੈਂਕਰ ਵਿੱਚ ਵੱਡਾ ਧਮਾਕਾ

ਅੱਗ ਲੱਗਣ ਕਾਰਨ 31 ਲੋਕਾਂ ਦੀ ਮੌਤ, 21 ਤੋਂ ਵੱਧ ਹੋਏ ਜ਼ਖਮੀ



(ਪੰਜਾਬ ਸਟਾਰ ਬਿਓਰੋ): ਮਿਸਰ ਦੀ ਰਾਜਧਾਨੀ ਕਾਹਿਰਾ ਦੇ ਨੇੜੇ ਇੱਕ ਹਾਈਵੇਅ 'ਤੇ ਤੇਲ ਦੇ ਟੈਂਕਰ ਨੂੰ ਅੱਗ ਲੱਗ ਗਈ। ਇਸ ਦੌਰਾਨ ਮੌਕੇ 'ਤੇ ਮੌਜੂਦ ਦੋ ਦਰਜਨ ਤੋਂ ਵੱਧ ਕਾਰਾਂ ਅਤੇ ਮੋਟਰਸਾਈਕਲ ਅੱਗ ਦੀ ਲਪੇਟ ਵਿੱਚ ਆ ਗਏ ਅਤੇ ਸੜ ਗਏ। ਮਿਸਰ ਦੇ ਸਿਹਤ ਮੰਤਰਾਲੇ ਅਨੁਸਾਰ, ਇਸ ਹਾਦਸੇ ਵਿੱਚ 31 ਲੋਕਾਂ ਦੀ ਮੌਤ ਹੋ ਗਈ ਅਤੇ 21 ਤੋਂ ਵੱਧ ਹੋਰ ਲੋਕ ਜ਼ਖ਼ਮੀ ਹੋ ਗਏ। ਲੋਕਾਂ ਨੂੰ ਸੜਦੀਆਂ ਹੋਈਆਂ ਕਾਰਾਂ ਵਿੱਚੋਂ ਬਾਹਰ ਕੱਢਿਆ ਗਿਆ। ਮੀਡੀਆ ਰਿਪੋਰਟਾਂ ਅਨੁਸਾਰ, * ਬਾਕੀ ਸਫ਼ਾ 2 'ਤੇ

ਕੈਨੇਡਾ ਦੇ ਸਾਲਾਨਾ ਪ੍ਰੈੱਸ ਗੈਲਰੀ ਡਿਨਰ 'ਚ 'ਨਕਲੀ ਟਰੰਪ' ਨਾਲ ਮੰਚ ਸਾਂਝਾ ਕਰਕੇ PM ਮਾਰਕ ਕਾਰਨੀ ਨੇ ਲੁੱਟੀ ਮਹਿਫ਼ਲ



(ਪੰਜਾਬ ਸਟਾਰ ਬਿਓਰੋ): ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਇਸ ਹਫ਼ਤੇ ਦੇ ਅਖ਼ੀਰ ਵਿੱਚ ਪੱਤਰਕਾਰਾਂ ਨਾਲ ਸਾਲਾਨਾ ਡਿਨਰ ਦੌਰਾਨ ਇੱਕ 'ਨਕਲੀ ਡੋਨਲਡ ਟਰੰਪ' ਅਤੇ ਖ਼ੁਦ ਦੇ ਹੀ ਇੱਕ ਹਮਸ਼ਕਲ ਕਲਾਕਾਰ ਨਾਲ ਮੰਚ ਸਾਂਝਾ ਕਰਦਿਆਂ ਅਮਰੀਕੀ ਰਾਸ਼ਟਰਪਤੀ ਅਤੇ ਕੈਨੇਡੀਅਨ ਸਿਆਸਤਦਾਨਾਂ 'ਤੇ ਹਾਸੋਹੀਣੇ ਤਨਜ਼ ਕੱਸ ਕੇ ਖੂਬ ਮਹਿਫ਼ਲ ਲੁੱਟੀ। ਸਾਲਾਨਾ 'ਪਾਰਲੀਮੈਂਟਰੀ ਪ੍ਰੈੱਸ ਗੈਲਰੀ ਡਿਨਰ' * ਬਾਕੀ ਸਫ਼ਾ 2 'ਤੇ

ਅਮਰੀਕਾ ਵੱਲੋਂ 11 ਮਹੀਨਿਆਂ 'ਚ 1700 ਭਾਰਤੀ ਡਿਪੋਰਟ



ਅਮਰੀਕਾ (ਪੰਜਾਬ ਸਟਾਰ ਬਿਓਰੋ): ਵਿਦੇਸ਼ ਮੰਤਰਾਲੇ ਨੇ ਬੁੱਧਵਾਰ ਨੂੰ ਦੱਸਿਆ ਕਿ ਇਸ ਸਾਲ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਲਗਭਗ 1,700 ਭਾਰਤੀ ਨਾਗਰਿਕਾਂ ਨੂੰ ਅਮਰੀਕਾ ਤੋਂ ਵਾਪਸ ਭੇਜਿਆ (ਡਿਪੋਰਟ ਕੀਤਾ) ਗਿਆ ਹੈ। ਮੰਤਰਾਲੇ ਨੇ ਇਸ ਦੇ ਨਾਲ ਹੀ ਪ੍ਰਵਾਸ ਅਤੇ ਆਵਾਜਾਈ ਦੇ ਮੁੱਦਿਆਂ 'ਤੇ ਵਾਸ਼ਿੰਗਟਨ ਨਾਲ ਭਾਰਤ ਦੇ ਸਹਿਯੋਗ ਨੂੰ ਵੀ ਉਜਾਗਰ ਕੀਤਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਕਿਹਾ ਕਿ ਭਾਰਤ ਗੈਰ-ਕਾਨੂੰਨੀ ਪਰਵਾਸ ਦਾ ਦ੍ਰਿੜ੍ਹਤਾ ਨਾਲ ਵਿਰੋਧ ਕਰਦਾ ਹੈ ਅਤੇ ਦੇਸ਼ ਨਿਕਾਲੇ ਦੇ ਮਾਮਲਿਆਂ * ਬਾਕੀ ਸਫ਼ਾ 2 'ਤੇ

ਭਾਜਪਾ-ਅਕਾਲੀ ਦਲ ਦਾ ਸਿਆਸੀ ਦਾਅ !

ਅਕਾਲੀ ਦਲ ਅਤੇ ਭਾਜਪਾ ਵਿਚਾਲੇ ਹੋਇਆ ਗੱਠਜੋੜ



ਨਵੀ ਦਿੱਲੀ (ਪੰਜਾਬ ਸਟਾਰ ਬਿਓਰੋ): ਪੰਜਾਬ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਗੁਰੂ ਨਾਨਕ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿਚਾਲੇ ਮੁੜ ਹੋਏ ਗੱਠਜੋੜ ਨੇ ਸੂਬੇ ਦੀ ਸਿਆਸਤ ਪੂਰੀ ਤਰ੍ਹਾਂ ਭਖਾ ਦਿੱਤੀ ਹੈ। ਸਮਝੌਤੇ ਦੇ ਰਸਮੀ ਐਲਾਨ ਤੋਂ ਤੁਰੰਤ ਬਾਅਦ ਦੋਵਾਂ ਪਾਰਟੀਆਂ ਦੇ ਆਗੂਆਂ ਨੇ ਸੂਬੇ ਵਿੱਚ ਇਕੱਠਿਆਂ ਚੋਣ ਮੈਦਾਨ ਵਿੱਚ ਉਤਰਨ ਅਤੇ ਪੰਜਾਬ ਦੇ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਲਈ ਸਾਂਝੀ ਰਣਨੀਤੀ ਘੜਨੀ ਸ਼ੁਰੂ ਕਰ ਦਿੱਤੀ ਹੈ। ਇਸ ਸਿਆਸੀ ਸਮਝੌਤੇ ਤੋਂ ਬਾਅਦ ਸਿਰਫ਼ ਸੱਤਾਧਾਰੀ 'ਆਪ' ਜਾਂ ਵਿਰੋਧੀ ਧਿਰ ਕਾਂਗਰਸ ਦੀਆਂ ਹੀ ਨਹੀਂ, ਸਗੋਂ ਦੇਸ਼ ਅਤੇ ਦੁਨੀਆ ਭਰ ਵਿੱਚ ਬੈਠੇ ਪੰਜਾਬੀਆਂ ਦੀਆਂ ਨਜ਼ਰਾਂ ਵੀ ਇਸ ਗੱਠਜੋੜ 'ਤੇ ਟਿਕ ਗਈਆਂ ਹਨ।



ਭਾਜਪਾ ਨੇ ਇਸ ਤੋਂ ਪਹਿਲਾਂ ਵੀ ਪੰਜਾਬ ਦੇ ਲੋਕਾਂ ਅਤੇ ਖ਼ਾਸ ਕਰ ਕੇ ਸਿੱਖ ਵੋਟਰਾਂ ਦਾ ਭਰੋਸਾ ਜਿੱਤਣ ਲਈ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਵਰਗੇ ਪਵਿੱਤਰ ਦਿਹਾੜੇ 'ਤੇ ਵੱਡੇ ਸਿਆਸੀ ਅਤੇ ਇਤਿਹਾਸਕ ਫ਼ੈਸਲੇ ਕੀਤੇ ਹਨ। ਇਸੇ ਤਹਿਤ ਕੇਂਦਰੀ ਕੈਬਨਿਟ ਨੇ ਗੁਰੂ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ 22 ਨਵੰਬਰ 2018 ਨੂੰ ਡੇਰਾ ਬਾਬਾ ਨਾਨਕ ਤੋਂ ਕੌਮਾਂਤਰੀ ਸਰਹੱਦ 'ਤੇ ਕਰਤਾਰਪੁਰ ਸਾਹਿਬ ਲਾਂਘਾ ਬਣਾਉਣ ਅਤੇ ਖੋਲ੍ਹਣ ਦਾ ਅਹਿਮ ਮਤਾ ਪਾਸ ਕੀਤਾ ਸੀ। ਇਸ ਮਗਰੋਂ 9 ਨਵੰਬਰ 2019 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਲਾਂਘਾ ਖੋਲ੍ਹਿਆ ਸੀ। ਇਸੇ ਤਰ੍ਹਾਂ ਕੌਮੀ ਰਾਜਧਾਨੀ ਦਿੱਲੀ ਦੀਆਂ ਬਰੂਹਾਂ 'ਤੇ 3 ਖੇਤੀ ਕਾਨੂੰਨਾਂ ਖ਼ਿਲਾਫ਼ ਚੱਲੇ ਲੰਮੇ ਕਿਸਾਨ ਅੰਦੋਲਨ ਦੌਰਾਨ * ਬਾਕੀ ਸਫ਼ਾ 2 'ਤੇ

ਅਮਰੀਕਾ 'ਚ ਗੈਰ-ਕਾਨੂੰਨੀ ਪ੍ਰਵਾਸੀਆਂ ਲਈ ਵੱਡੀ ਰਾਹਤ ਦੀ ਤਿਆਰੀ !

10 ਸਾਲ ਅਮਰੀਕਾ 'ਚ ਰਹਿਣ ਵਾਲੇ ਪ੍ਰਵਾਸੀਆਂ ਲਈ ਨਵਾਂ ਬਿੱਲ ਪੇਸ਼ !



(ਪੰਜਾਬ ਸਟਾਰ ਬਿਓਰੋ): ਸੋਚੋ... ਜਿਸ ਅਮਰੀਕਾ ਵਿੱਚ ਰਹਿਣ ਲਈ ਤੁਸੀਂ ਸਾਲਾਂ ਤੱਕ ਸੰਘਰਸ਼ ਕੀਤਾ ਹੋਵੇ, ਜਿੱਥੇ ਤੁਹਾਡੀ ਜ਼ਿੰਦਗੀ ਦੇ 10, 15 ਜਾਂ 20 ਸਾਲ ਬੀਤ ਗਏ ਹੋਣ, ਪਰ ਇੱਕ ਦੇਸ਼ ਨਿਕਾਲੇ ਦਾ ਹੁਕਮ ਤੁਹਾਡੇ ਸਾਰੇ ਸੁਪਨਿਆਂ 'ਤੇ ਪਾਣੀ ਫੇਰ ਸਕਦਾ ਹੋਵੇ... ਹੁਣ ਅਜਿਹੇ ਹੀ ਲੱਖਾਂ ਪ੍ਰਵਾਸੀਆਂ ਲਈ ਅਮਰੀਕਾ ਤੋਂ ਇੱਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਜੀ ਹਾਂ ! ਅਮਰੀਕਾ ਵਿੱਚ ਲੰਬੇ ਸਮੇਂ ਤੋਂ ਰਹਿ ਰਹੇ ਉਨ੍ਹਾਂ ਪ੍ਰਵਾਸੀਆਂ ਲਈ ਗ੍ਰੀਨ ਕਾਰਡ ਹਾਸਲ ਕਰਨ ਦਾ ਰਾਹ ਖੁੱਲ੍ਹ ਸਕਦਾ ਹੈ, ਜਿਨ੍ਹਾਂ ਖ਼ਿਲਾਫ਼ ਪਹਿਲਾਂ ਹੀ ਦੇਸ਼ ਨਿਕਾਲੇ ਦੇ ਅੰਤਿਮ ਹੁਕਮ ਜਾਰੀ ਹੋ ਚੁੱਕੇ ਹਨ। ਦਰਅਸਲ, ਅਮਰੀਕਾ ਦੇ ਡੈਮੋਕ੍ਰੇਟਿਕ ਸੰਸਦ ਮੈਂਬਰਾਂ ਨੇ 'ਪ੍ਰੋਟੈਕਟ ਆਵਰ ਨੇਬਰਜ਼ ਐਕਟ' ਨਾਂ ਦਾ ਇੱਕ ਨਵਾਂ ਬਿੱਲ ਪੇਸ਼ ਕੀਤਾ ਹੈ। ਇਸ ਬਿੱਲ ਦਾ ਮਕਸਦ ਉਨ੍ਹਾਂ ਪ੍ਰਵਾਸੀਆਂ ਨੂੰ ਕਾਨੂੰਨੀ ਰਾਹਤ ਦੇਣਾ ਹੈ, ਜੋ ਸਾਲਾਂ ਤੋਂ ਅਮਰੀਕਾ ਵਿੱਚ ਰਹਿ ਰਹੇ ਹਨ, * ਬਾਕੀ ਸਫ਼ਾ 2 'ਤੇ

ਮੰਦੀ ਨਾਲ ਬੇਹਾਲ ਕੈਨੇਡੀਅਨ

ਕੈਨੇਡਾ 'ਚ ਮੌਰਗੇਜ ਦੀਆਂ ਕਿਸ਼ਤਾਂ ਨਾ ਭਰਨ ਵਾਲਿਆਂ ਦੀ ਦਰ 2013 ਤੋਂ ਬਾਅਦ ਸਭ ਤੋਂ ਉੱਚੇ ਪੱਧਰ 'ਤੇ

ਪਿਛਲੇ ਸਾਲ ਦੇ ਮੁਕਾਬਲੇ 31.1 ਫ਼ੀਸਦੀ ਵਾਧਾ; ਓਨਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਸਭ ਤੋਂ ਵੱਧ ਪ੍ਰਭਾਵਿਤ



ਟੋਰਾਂਟੋ: (ਬਲਜਿੰਦਰ ਸੇਖਾ) ਕੈਨੇਡਾ ਵਿੱਚ ਘਰਾਂ ਦੇ ਮਾਲਕਾਂ ਦੀਆਂ ਆਰਥਿਕ ਮੁਸ਼ਕਲਾਂ ਲਗਾਤਾਰ ਵਧ ਰਹੀਆਂ ਹਨ। ਵੱਧਦੇ ਕਰਜ਼ੇ, ਮਹਿੰਗਾਈ ਅਤੇ ਮੌਰਗੇਜ ਦੇ ਵਿਆਜ ਖਰਚਿਆਂ ਕਾਰਨ ਕਈ ਪਰਿਵਾਰਾਂ ਲਈ ਘਰਾਂ ਦੀਆਂ ਮਹੀਨਾਵਾਰ ਕਿਸ਼ਤਾਂ ਭਰਨੀਆਂ ਮੁਸ਼ਕਲ ਹੋ ਰਹੀਆਂ ਹਨ।

Equifax Canada ਦੀ ਤਾਜ਼ਾ ਰਿਪੋਰਟ ਅਨੁਸਾਰ ਲਗਾਤਾਰ ਤਿੰਨ ਮਹੀਨੇ ਮੌਰਗੇਜ ਦੀਆਂ ਕਿਸ਼ਤਾਂ ਨਾ ਭਰਨ ਵਾਲਿਆਂ ਦੀ ਦਰ 0.32 ਫ਼ੀਸਦੀ ਤੱਕ ਪਹੁੰਚ ਗਈ ਹੈ, * ਬਾਕੀ ਸਫ਼ਾ 2 'ਤੇ

ਕੈਨੇਡਾ 'ਚ ਇਲਾਜ ਦੀ ਉਡੀਕ ਕਰਦਿਆਂ ਇੱਕ ਸਾਲ ਵਿੱਚ ਕਰੀਬ 30 ਹਜ਼ਾਰ ਕੈਨੇਡੀਅਨਾਂ ਦੀ ਮੌਤ



ਟੋਰਾਂਟੋ (ਬਲਜਿੰਦਰ ਸੇਖਾ) : ਅਪ੍ਰੈਲ 2018 ਤੋਂ ਹੁਣ ਤੱਕ ਵੈਟਿੰਗ ਲਿਸਟਾਂ ਦੌਰਾਨ ਮੌਤਾਂ ਦਾ ਅੰਕੜਾ 1.29 ਲੱਖ ਤੋਂ ਪਾਰ ਕੈਨੇਡਾ ਵਿੱਚ ਸਿਹਤ ਸੇਵਾਵਾਂ ਦੀ ਉਡੀਕ ਕਰ ਰਹੇ ਮਰੀਜ਼ਾਂ ਲਈ ਦੇਰੀ ਇੱਕ ਗੰਭੀਰ ਚਿੰਤਾ ਬਣਦੀ ਜਾ ਰਹੀ ਹੈ। ਨਵੀਂ ਰਿਪੋਰਟ ਅਨੁਸਾਰ, 2025-26 ਦੇ ਵਿੱਤੀ ਸਾਲ ਦੌਰਾਨ ਲਗਭਗ 30 ਹਜ਼ਾਰ ਕੈਨੇਡੀਅਨਾਂ ਦੀ ਮੌਤ ਸਰਜਰੀਆਂ, ਮੈਡੀਕਲ ਪ੍ਰਕਿਰਿਆਵਾਂ, ਡਾਇਗਨੋਸਟਿਕ ਸਕੈਨ ਅਤੇ ਮਾਹਿਰ ਡਾਕਟਰਾਂ ਦੀਆਂ ਮੁਲਾਕਾਤਾਂ ਦੀ ਉਡੀਕ ਕਰਦਿਆਂ ਹੋਈ।
* ਬਾਕੀ ਸਫ਼ਾ 2 'ਤੇ

ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131
Jasbir Singh Hundal
Registered Credit Counsellor
www.MakeMeDebtFree.ca
416-502-3100
Unit #20 - 7015 Tranmere Drive, Mississauga, ON, L5S 1T7

BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW
PERSONAL INJURY
• Auto Accident
• Pedestrian Hit Accident
• Slip & Fall
• Bicycle Accident
• Family Member Claims
• Short & Long-Term Disability
• CPP Disability
• Wrongful Death & Fata accidents

FOR ALL YOUR REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090
Harjit Brar
Sales Representat ve
416-417-6010
Vik Mehmi
Broker
416-500-6262

ਪੰਜਾਬ ਸਟਾਰ PUNJABSTAR.COM www.punjabstar.com

ਪੇਜ ਇੱਕ ਦੀ ਬਾਕੀ

ਮਿਸਰ 'ਚ ਤੇਲ...

ਤੇਲ ਨਾਲ ਭਰਿਆ ਇੱਕ ਟਰੱਕ ਬੇਕਾਬੂ ਹੋ ਕੇ ਪਲਟ ਗਿਆ, ਜਿਸ ਕਾਰਨ ਧਮਾਕਾ ਹੋਇਆ ਪਰ ਹੁਣ ਅੱਗ 'ਤੇ ਕਾਬੂ ਪਾ ਲਿਆ ਗਿਆ ਹੈ।

ਘਟਨਾ ਬਾਰੇ ਸੂਚਨਾ ਮਿਲਣ 'ਤੇ, ਫਾਇਰਫਾਈਟਰ ਮੌਕੇ 'ਤੇ ਪਹੁੰਚੇ ਅਤੇ ਅੱਗ ਬੁਝਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਉੱਥੇ ਮੌਜੂਦ ਸੈਂਕੜੇ ਲੋਕਾਂ ਨੇ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ। ਇਹ ਘਟਨਾ ਕਾਹਿਰਾ ਦੇ ਉਪਨਗਰ ਇੰਬਾਬਾ ਦੇ ਵਰਾਕ ਇਲਾਕੇ ਵਿੱਚ ਵਾਪਰੀ, ਜਿੱਥੇ ਅੱਗ ਤੇਜ਼ੀ ਨਾਲ ਫੈਲ ਗਈ ਅਤੇ ਕਈ ਕਾਰਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਮਿਸਰ ਦੇ ਰਾਸ਼ਟਰਪਤੀ ਅਬਦੇਲ-ਫੱਤਾਹ ਅਲ-ਸੀਸੀ ਨੇ ਪੀੜਤਾਂ ਪ੍ਰਤੀ ਹਮਦਰਦੀ ਪ੍ਰਗਟ ਕੀਤੀ ਹੈ।

ਜ਼ਖਮੀਆਂ ਨੂੰ ਜ਼ਾਇਦ ਸਪੈਸ਼ਲਾਈਜ਼ਡ ਹਸਪਤਾਲ, ਇੰਬਾਬਾ ਜਨਰਲ ਹਸਪਤਾਲ ਅਤੇ ਵਰਾਕ ਸੈਂਟਰਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਬਚਾਅ ਕਾਰਜਾਂ ਲਈ 39 ਐਂਬੂਲੈਂਸਾਂ ਤਾਇਨਾਤ ਕੀਤੀਆਂ ਗਈਆਂ ਹਨ।

ਯੂ.ਏ.ਈ. 'ਚ ਭਾਰਤੀ...

ਦੁਬਈ ਸਥਿਤ ਭਾਰਤੀ ਕੌਂਸਲੇਟ ਨੇ ਇਸ ਹਾਦਸੇ ਦੀ ਪੁਸ਼ਟੀ ਕੀਤੀ ਹੈ । ਕੌਂਸਲੇਟ ਨੇ ਦੱਸਿਆ ਕਿ ਹਾਦਸੇ ਵਿਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨਾਲ ਸੰਪਰਕ ਕੀਤਾ ਗਿਆ ਤੇ ਸਥਾਨਕ ਪ੍ਰਸ਼ਾਸਨ ਦੇ ਸਹਿਯੋਗ ਨਾਲ ਹਰ ਸੰਭਵ ਮਦਦ ਮੁਹੱਈਆ ਕਰਵਾਈ ਜਾ ਰਹੀ ਹੈ, ਹਾਲਾਂਕਿ, ਅਜੇ ਤੱਕ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਕਿੰਨੇ ਭਾਰਤੀ ਨਾਗਰਿਕਾਂ ਦੀ ਮੌਤ ਹੋਈ ਹੈ ਅਤੇ ਕਿੰਨੇ ਜ਼ਖ਼ਮੀ ਹਨ ।

ਯੂ. ਏ. ਈ. ਦੇ ਗ੍ਰਹਿ ਮੰਤਰਾਲੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਹਾਦਸਾ ਅਲ ਵਤਨ ਰੋਡ 'ਤੇ ਵਾਪਰਿਆ । ਸ਼ੁਰੂਆਤੀ ਰਿਪੋਰਟ ਵਿਚ 11 ਮੌਤਾਂ ਦੀ ਪੁਸ਼ਟੀ ਕੀਤੀ ਗਈ ਸੀ, ਪਰ ਹਸਪਤਾਲ ਵਿਚ ਇਲਾਜ ਦੌਰਾਨ ਦੋ ਹੋਰ ਜ਼ਖਮੀਆਂ ਨੇ ਦਮ ਤੋੜ ਦਿੱਤਾ, ਜਿਸ ਨਾਲ ਮੌਤਾਂ ਦੀ ਗਿਣਤੀ 13 ਹੋ ਗਈ ।

ਹਾਦਸੇ ਵਿਚ 14 ਹੋਰ ਲੋਕ ਜ਼ਖ਼ਮੀ ਹੋਏ ਹਨ । ਰਿਪੋਰਟਾਂ ਮੁਤਾਬਕ ਬੱਸ ਵਿਚ ਕੁੱਲ 41 ਲੋਕ ਸਵਾਰ ਸਨ । ਬੱਸ ਸੜਕ ਕਿਨਾਰੇ ਖੜ੍ਹੇ ਖ਼ਰਾਬ ਟਰੱਕ ਨਾਲ ਟਕਰਾ ਗਈ । ਭਾਰਤੀ ਕੌਂਸਲੇਟ ਨੇ ਦੁੱਖ ਪ੍ਰਗਟ ਕਰਦਿਆਂ ਸਹਾਇਤਾ ਲਈ 24 ਘੰਟੇ ਚੱਲਣ ਵਾਲਾ ਹੈਲਪਲਾਈਨ ਨੰਬਰ 800-46342 ਜਾਰੀ ਕੀਤਾ ਹੈ।

ਅਮਰੀਕਾ ਦੇ ਮਿਸੀਸਿਪੀ...

ਅਤੇ ਹੌਰਨ ਆਈਲੈਂਡ ਦੇ ਵਿਚਾਲੇ ਮੈਕਸੀਕੋ ਦੀ ਖਾੜੀ ਵਿੱਚ ਡਿੱਗਿਆ। ਕੋਸਟ ਗਾਰਡ ਦੇ ਬੁਲਾਰੇ ਜੁਆਨ ਰੋਸ ਨੇ ਦੱਸਿਆ ਕਿ ਮੋਬਾਈਲ ਸ਼ਹਿਰ ਦੇ ਏਅਰ ਟਰੈਫਿਕ ਕੰਟਰੋਲ ਟਾਵਰ ਨੇ ਦੁਪਹਿਰ ਕਰੀਬ 3:45 ਵਜੇ ਜਹਾਜ਼ ਨਾਲ ਸੰਪਰਕ ਟੁੱਟਣ ਦੀ ਸੂਚਨਾ ਦਿੱਤੀ ਸੀ।

ਇਸ ਤੋਂ ਬਾਅਦ ਰਾਹਤ ਟੀਮਾਂ ਨੇ ਕਰੀਬ ਚਾਰ ਘੰਟੇ ਤੱਕ ਤਲਾਸ਼ੀ ਮੁਹਿੰਮ ਚਲਾਈ। ਸ਼ੁਰੂਆਤੀ ਖੋਜ ਦੌਰਾਨ ਪਾਣੀ ਵਿੱਚ ਸਿਰਫ਼ ਤਿੰਨ ਲਾਈਫ਼ ਜੈਕਟਾਂ, ਇੱਕ ਲਾਈਫ਼ ਰਾਫਟ ਅਤੇ ਜਹਾਜ਼ ਦਾ ਕੈਬਿਨ ਤੈਰਦਾ ਹੋਇਆ ਮਿਲਿਆ ਸੀ। ਬਾਅਦ ਵਿੱਚ ਕੋਸਟ ਗਾਰਡ ਦੇ ਗੋਤਾਖੋਰਾਂ ਨੇ ਜਹਾਜ਼ ਦੇ ਮਲਬੇ (ਫਿਊਜ਼ਲੇਜ) ਵਿੱਚੋਂ ਸਾਰੀਆਂ 6 ਲਾਸ਼ਾਂ ਬਰਾਮਦ ਕਰ ਲਈਆਂ।

ਉਡਾਣ ਭਰਨ ਤੋਂ ਅੱਧੇ ਘੰਟੇ ਬਾਅਦ ਵਾਪਰਿਆ ਹਾਦਸਾ

ਫਲਾਈਟ ਟਰੈਕਿੰਗ ਵੈੱਬਸਾਈਟ 'ਫਲਾਈਟਅਵੇਅਰ' ਅਨੁਸਾਰ, ਇਹ ਜਹਾਜ਼ ਲੁਈਸਿਆਨਾ ਦੇ ਨਿਊ ਓਰਲੀਨਜ਼ ਤੋਂ ਫਲੋਰਿਡਾ ਦੇ ਫੋਰਟ ਮਾਇਰਜ਼ ਜਾ ਰਿਹਾ ਸੀ। 'ਫਲਾਈਟਰਡਾਰ24' ਦੇ ਅੰਕੜਿਆਂ ਮੁਤਾਬਕ ਉਡਾਣ ਭਰਨ ਤੋਂ ਕਰੀਬ ਅੱਧੇ ਘੰਟੇ ਬਾਅਦ, ਜਦੋਂ ਜਹਾਜ਼ ਲਗਭਗ 8,800 ਫੁੱਟ ਦੀ ਉਚਾਈ 'ਤੇ ਸੀ, ਤਾਂ ਇਹ ਅਚਾਨਕ ਤੇਜ਼ੀ ਨਾਲ ਪਾਣੀ ਵੱਲ ਡਿੱਗਣਾ ਸ਼ੁਰੂ ਹੋ ਗਿਆ। ਦੁਪਹਿਰ ਕਰੀਬ 3:30 ਵਜੇ ਟਰੈਕਿੰਗ ਡੇਟਾ ਬੰਦ ਹੋਣ ਤੋਂ ਪਹਿਲਾਂ ਆਖ਼ਰੀ ਪਲਾਂ ਵਿੱਚ ਜਹਾਜ਼ 18,000 ਫੁੱਟ ਪ੍ਰਤੀ ਮਿੰਟ (200 ਮੀਲ ਪ੍ਰਤੀ ਘੰਟਾ ਤੋਂ ਵੱਧ) ਦੀ ਰਫ਼ਤਾਰ ਨਾਲ ਹੇਠਾਂ ਵੱਲ ਆ ਰਿਹਾ ਸੀ।

ਕੋਸਟ ਗਾਰਡ ਨੇ ਪ੍ਰਗਟਾਇਆ ਦੁੱਖ, NTSB ਕਰੇਗਾ ਜਾਂਚ

ਕੋਸਟ ਗਾਰਡ ਸੈਕਟਰ ਮੋਬਾਈਲ ਦੇ ਸਰਚ ਐਂਡ ਰੈਸਕਿਊ ਮਿਸ਼ਨ ਕੋਆਰਡੀਨੇਟਰ ਕਮਾਂਡਰ ਟ੍ਰੇਵਰ ਬਲਾਊਂਟ ਨੇ ਇਸ ਘਟਨਾ ਨੂੰ ਬੇਹੱਦ ਦੁਖਦਾਈ ਦੱਸਿਆ। ਉਨ੍ਹਾਂ ਕਿਹਾ ਕਿ ਇਹ ਪਰਿਵਾਰਾਂ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ ਅਤੇ ਵੱਖ-ਵੱਖ ਏਜੰਸੀਆਂ ਦੇ ਤਾਲਮੇਲ ਸਦਕਾ ਹੀ ਜਹਾਜ਼ ਵਿੱਚ ਸਵਾਰ ਲੋਕਾਂ ਦਾ ਜਲਦੀ ਪਤਾ ਲਗਾਇਆ ਜਾ ਸਕਿਆ।

ਫੈਡਰਲ ਐਵੀਏਸ਼ਨ ਐਡਮਿਨਿਸਟ੍ਰੇਸ਼ਨ ਅਨੁਸਾਰ, ਇਸ ਹਾਦਸੇ ਦੇ ਕਾਰਨਾਂ ਦੀ ਅਗਵਾਈ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਵੱਲੋਂ ਕੀਤੀ ਜਾ ਰਹੀ ਹੈ, ਜਿਸ ਵਿੱਚ ਢਅਅ ਸਹਿਯੋਗ ਕਰੇਗਾ। ਜ਼ਿਕਰਯੋਗ ਹੈ ਕਿ ਇਸੇ ਮਹੀਨੇ ਦੀ ਸ਼ੁਰੂਆਤ ਵਿੱਚ ਦੱਖਣੀ ਫਲੋਰਿਡਾ ਵਿੱਚ ਵੀ ਇੱਕ ਲੀਅਰਜੈੱਟ 60 ਬਿਜ਼ਨੈੱਸ ਜੈੱਟ ਹਾਦਸਾਗ੍ਰਸਤ ਹੋਇਆ ਸੀ, ਜਿਸ ਵਿੱਚ ਦੋ ਛੋਟੇ ਬੱਚਿਆਂ ਸਮੇਤ 9 ਲੋਕਾਂ ਦੀ ਜਾਨ ਚਲੀ ਗਈ ਸੀ।

ਕੈਨੇਡਾ ਦੇ ਸਾਲਾਨਾ...

ਵਾਸ਼ਿੰਗਟਨ ਦੇ ਸਿਆਸੀ ਹਾਸ-ਰਸ ਸਮਾਗਮ ਦਾ ਕੈਨੇਡੀਅਨ ਰੂਪ ਹੈ, ਜਿੱਥੇ ਸਿਆਸਤਦਾਨ ਅਤੇ ਪੱਤਰਕਾਰ ਇੱਕ-ਦੂਜੇ 'ਤੇ ਹਲਕੇ-ਫੁਲਕੇ ਚੁਟਕਲੇ ਅਤੇ ਵਿਅੰਗ ਕਰਦੇ ਹਨ।

ਸ਼ਨਿੱਚਰਵਾਰ ਨੂੰ ਹੋਏ ਇਸ ਸਮਾਗਮ ਦੌਰਾਨ ਮਾਰਕ ਕਾਰਨੀ ਨੇ ਕਿਹਾ, "ਮੈਂ ਐਮਰਜੈਂਸੀ ਕਾਮੇਡੀ ਬਣ ਦੱਬ ਰਿਹਾ ਹਾਂ।" ਇਸ ਦੇ ਨਾਲ ਹੀ ਮਸ਼ਹੂਰ ਕਾਮੇਡੀਅਨ ਮਾਰਕ ਮੈਕਕਿਨੀ ਪ੍ਰਧਾਨ ਮੰਤਰੀ ਕਾਰਨੀ ਦੀ ਨਕਲ ਕਰਦੇ ਹੋਏ ਮੰਚ 'ਤੇ ਪ੍ਰਗਟ ਹੋਏ, ਜਿਨ੍ਹਾਂ ਦੇ ਪਿੱਛੇ-ਪਿੱਛੇ ਕਾਮੇਡੀਅਨ ਮਾਰਕ ਕ੍ਰਿਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਭੇਸ ਵਿੱਚ ਆਏ। ਕ੍ਰਿਚ ਨੇ ਮੰਚ 'ਤੇ ਕਾਰਨੀ ਅਤੇ ਮੈਕਕਿਨੀ ਨਾਲ ਟਰੰਪ ਦੇ ਖ਼ਾਸ ਅੰਦਾਜ਼ ਵਿੱਚ ਜ਼ੋਰਦਾਰ ਢੰਗ ਨਾਲ ਹੱਥ ਮਿਲਾਉਣ ਦੀ ਨਕਲ ਕਰਕੇ ਸਭ ਨੂੰ ਹਸਾਇਆ। ਇਸ ਦੌਰਾਨ ਕਾਰਨੀ ਨੇ ਵ੍ਹਾਈਟ ਹਾਊਸ ਦੇ 'ਓਵਲ ਆਫ਼ਿਸ' ਦੀ ਸ਼ਾਨੋ-ਸ਼ੌਕਤ ਵਾਲੀ ਨਵੀਂ ਸਜਾਵਟ 'ਤੇ ਵਿਅੰਗ ਕਰਦਿਆਂ ਕਿਹਾ ਕਿ ਉਹ ਇਸ ਦੇ ਨਵੇਂ 'ਇੰਟੀਰੀਅਰ ਡੈਕੋਰੇਟਰ' (ਟਰੰਪ) ਨਾਲ ਇਕੱਲੇ ਓਵਲ ਆਫ਼ਿਸ ਵਿੱਚ ਬੈਠ ਚੁੱਕੇ ਹਨ। ਜ਼ਿਕਰਯੋਗ ਹੈ ਕਿ ਵ੍ਹਾਈਟ ਹਾਊਸ ਪਰਤਣ ਮਗਰੋਂ ਟਰੰਪ ਨੇ ਓਵਲ ਆਫ਼ਿਸ ਨੂੰ ਸੁਨਹਿਰੀ ਸਜਾਵਟਾਂ ਅਤੇ ਤਸਵੀਰਾਂ ਨਾਲ ਭਰ ਦਿੱਤਾ ਹੈ।

ਇਸ ਸਮਾਗਮ ਵਿੱਚ ਕੰਜ਼ਰਵੇਟਿਵ ਵਿਰੋਧੀ ਧਿਰ ਦੇ ਆਗੂ ਪੀਅਰੇ ਪੋਇਲੀਵਰੇ ਨੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਅਮਰੀਕੀ ਪੌਪ ਸਟਾਰ ਕੇਟੀ ਪੈਰੀ ਦੇ ਰਿਸ਼ਤੇ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਵਿਅੰਗ ਕਰਦਿਆਂ ਕਿਹਾ ਕਿ ਟਰੂਡੋ ਇੱਕ "ਫਿੱਕੀ ਪੈ ਚੁੱਕੀ ਪੌਪ ਰਾਜਕੁਮਾਰੀ" ਨਾਲ ਉਹੀ ਕੁਝ ਕਰ ਰਹੇ ਹਨ, ਜੋ ਉਨ੍ਹਾਂ ਨੇ ਆਪਣੇ ਇੱਕ ਦਹਾਕੇ ਦੇ ਸੱਤਾ ਕਾਲ ਦੌਰਾਨ ਕੈਨੇਡਾ ਨਾਲ ਕੀਤਾ ਸੀ। ਹਾਲਾਂਕਿ, ਸੋਸ਼ਲ ਮੀਡੀਆ 'ਤੇ ਪੋਇਲੀਵਰੇ ਦੀ ਇਸ ਟਿੱਪਣੀ ਦੀ ਕੇਟੀ ਪੈਰੀ ਪ੍ਰਤੀ ਅਪਮਾਨਜਨਕ ਅਤੇ ਲਿੰਗਕ ਵਿਤਕਰੇ ਵਾਲੀ ਸੋਚ ਦੱਸਦਿਆਂ ਤਿੱਖੀ ਆਲੋਚਨਾ ਹੋ ਰਹੀ ਹੈ।

ਦੂਜੇ ਪਾਸੇ, ਕੈਨੇਡਾ ਦੀ ਗਵਰਨਰ ਜਨਰਲ ਅਤੇ ਸਾਬਕਾ ਸੁਪਰੀਮ ਕੋਰਟ ਜੱਜ ਲੁਈਸ ਆਰਬਰ ਨੇ ਪ੍ਰਧਾਨ ਮੰਤਰੀ ਕਾਰਨੀ ਦੇ ਲਗਾਤਾਰ ਵਿਦੇਸ਼ੀ ਦੌਰਿਆਂ 'ਤੇ ਚੁਟਕੀ ਲੈਂਦਿਆਂ ਕਿਹਾ, "ਕੀ ਤੁਸੀਂ ਰੱਬ ਅਤੇ ਮਾਰਕ ਕਾਰਨੀ ਵਿਚਕਾਰ ਫ਼ਰਕ ਜਾਣਦੇ ਹੋ? ਰੱਬ ਹਰ ਥਾਂ ਮੌਜੂਦ ਹੈ, ਜਦਕਿ ਮਾਰਕ ਕਾਰਨੀ ਓਟਵਾ- ਜਿੱਥੇ ਉਨ੍ਹਾਂ ਨੂੰ ਹੋਣਾ ਚਾਹੀਦਾ ਹੈ, ਨੂੰ ਛੱਡ ਕੇ ਬਾਕੀ ਹਰ ਥਾਂ ਮੌਜੂਦ ਹਨ।"

ਅਮਰੀਕਾ ਵੱਲੋਂ...

ਵਿੱਚ ਅਮਰੀਕੀ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰਦਾ ਹੈ ਅਤੇ ਵਿਅਕਤੀਆਂ ਨੂੰ ਵਾਪਸ ਲੈਣ ਲਈ ਸਹਿਮਤ ਹੋਣ ਤੋਂ ਪਹਿਲਾਂ ਉਨ੍ਹਾਂ ਦੀ ਨਾਗਰਿਕਤਾ ਦੀ ਪੁਸ਼ਟੀ ਕਰਦਾ ਹੈ।

ਜੈਸਵਾਲ ਨੇ ਕਿਹਾ, "ਜਦੋਂ ਵੀ ਸਾਨੂੰ ਦੇਸ਼ ਨਿਕਾਲਾ ਦਿੱਤੇ ਜਾਣ ਵਾਲੇ ਕਿਸੇ ਵਿਅਕਤੀ ਬਾਰੇ ਜਾਣਕਾਰੀ ਮਿਲਦੀ ਹੈ, ਤਾਂ ਅਸੀਂ ਉਸ ਦੀ ਨਾਗਰਿਕਤਾ ਦੀ ਪੁਸ਼ਟੀ ਕਰਦੇ ਹਾਂ ਅਤੇ ਉਸ ਤੋਂ ਬਾਅਦ ਉਸ ਨੂੰ ਵਾਪਸ ਲੈਣ ਲਈ ਸਹਿਮਤ ਹੁੰਦੇ ਹਾਂ।"

ਮੌਜੂਦਾ ਸਾਲ ਦੇ ਅੰਕੜੇ ਦਿੰਦਿਆਂ ਉਨ੍ਹਾਂ ਕਿਹਾ ਕਿ ਅਮਰੀਕਾ ਤੋਂ ਹੁਣ ਤੱਕ 1,700 ਭਾਰਤੀ ਨਾਗਰਿਕਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾ ਚੁੱਕਾ ਹੈ।

ਇਹ ਬਿਆਨ ਗੈਰ-ਕਾਨੂੰਨੀ ਪਰਵਾਸ ਵਿਰੁੱਧ ਟਰੰਪ ਪ੍ਰਸ਼ਾਸਨ ਵੱਲੋਂ ਤੇਜ਼ ਕੀਤੀ ਗਈ ਕਾਰਵਾਈ ਦੇ ਵਿਚਕਾਰ ਆਇਆ ਹੈ, ਜਿਸ ਵਿੱਚ ਦੇਸ਼ ਨਿਕਾਲਾ ਅਮਰੀਕਾ ਨਾਲ ਭਾਰਤ ਦੇ ਸਬੰਧਾਂ ਵਿੱਚ ਇੱਕ ਮੁੱਖ ਮੁੱਦੇ ਵਜੋਂ ਉੱਭਰਿਆ ਹੈ। ਭਾਰਤ ਨੇ ਇਹ ਸਟੈਂਡ ਕਾਇਮ ਰੱਖਿਆ ਹੈ ਕਿ ਉਹ ਗੈਰ-ਕਾਨੂੰਨੀ ਪਰਵਾਸ ਦੇ ਵਿਰੁੱਧ ਹੈ, ਪਰ ਉਮੀਦ ਕਰਦਾ ਹੈ ਕਿ ਦੇਸ਼ ਨਿਕਾਲੇ ਦੀ ਪ੍ਰਕਿਰਿਆ ਦੌਰਾਨ ਆਪਣੇ ਨਾਗਰਿਕਾਂ ਦੇ ਅਧਿਕਾਰਾਂ ਅਤੇ ਮਾਣ-ਸਨਮਾਨ ਦਾ ਸਤਿਕਾਰ ਕੀਤਾ ਜਾਵੇ। ਇਹ ਤਾਜ਼ਾ ਅੰਕੜਾ ਅਜਿਹੇ ਸਮੇਂ ਆਇਆ ਹੈ ਜਦੋਂ ਨਵੀਂ ਦਿੱਲੀ ਅਤੇ ਵਾਸ਼ਿੰਗਟਨ ਆਪਣੇ ਵਿਆਪਕ ਦੁਵੱਲੇ ਸਬੰਧਾਂ ਦੇ ਨਾਲ-ਨਾਲ ਪਰਵਾਸ ਅਤੇ ਆਵਾਜਾਈ ਦੇ ਮੁੱਦਿਆਂ 'ਤੇ ਕੰਮ ਕਰਨਾ ਜਾਰੀ ਰੱਖੇ ਹੋਏ ਹਨ।

ਕੈਨੇਡਾ 'ਚ ਮੌਰਗੇਜ...

ਜੋ ਸਾਲ 2013 ਤੋਂ ਬਾਅਦ ਸਭ ਤੋਂ ਉੱਚਾ ਪੱਧਰ ਹੈ। ਪਿਛਲੇ ਸਾਲ ਦੇ ਮੁਕਾਬਲੇ ਇਸ ਵਿੱਚ 31.1 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ।

ਓਨਟਾਰੀਓ ਵਿੱਚ ਮੌਰਗੇਜ ਬਕਾਏ ਤਿੰਨ ਗੁਣਾ ਵਧੇ

ਓਨਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਮੌਰਗੇਜ ਦੀਆਂ ਕਿਸ਼ਤਾਂ ਬਕਾਇਆ ਰਹਿਣ ਦੇ ਮਾਮਲਿਆਂ ਵਿੱਚ ਵਧੇਰੇ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਠਧ ਬੈਂਕ ਦੀ ਰਿਪੋਰਟ ਮੁਤਾਬਕ ਓਨਟਾਰੀਓ ਵਿੱਚ ਮੌਰਗੇਜ ਬਕਾਏ ਦੀ ਦਰ ਕੋਵਿਡ ਤੋਂ ਪਹਿਲਾਂ ਦੇ ਪੱਧਰ ਨਾਲੋਂ ਲਗਭਗ ਤਿੰਨ ਗੁਣਾ ਹੋ ਗਈ ਹੈ ਅਤੇ 2008 ਦੇ ਆਰਥਿਕ ਸੰਕਟ ਦੌਰਾਨ ਦੇ ਪੱਧਰ ਦੇ ਨੇੜੇ ਪਹੁੰਚ ਰਹੀ ਹੈ।

14 ਲੱਖ ਲੋਕਾਂ ਕੋਲ ਵੇਰੀਏਬਲ ਰੇਟ ਮੌਰਗੇਜ

ਕੈਨੇਡਾ ਵਿੱਚ ਲਗਭਗ 14 ਲੱਖ ਲੋਕਾਂ ਕੋਲ ਵੇਰੀਏਬਲ ਰੇਟ ਮੌਰਗੇਜ ਹਨ। ਵਿਆਜ ਦਰ ਵਿੱਚ ਹਰ 0.25 ਫ਼ੀਸਦੀ ਅੰਕ ਦੇ ਵਾਧੇ ਨਾਲ ਇਨ੍ਹਾਂ ਕਰਜ਼ਦਾਰਾਂ ਉੱਤੇ ਸਾਲਾਨਾ ਲਗਭਗ 860 ਮਿਲੀਅਨ ਡਾਲਰ ਦਾ ਵਾਧੂ ਵਿਆਜ ਬੋਝ ਪੈ ਸਕਦਾ ਹੈ।

ਕੈਨੇਡੀਅਨਾਂ ਦਾ ਕੁੱਲ ਕਰਜ਼ਾ 2.74 ਟ੍ਰਿਲੀਅਨ ਡਾਲਰ

ਕੈਨੇਡਾ ਵਿੱਚ ਕਰਜ਼ੇ ਦੀ ਸਥਿਤੀ ਵੀ ਚਿੰਤਾਜਨਕ ਬਣੀ ਹੋਈ ਹੈ। ਕੈਨੇਡੀਅਨਾਂ ਦਾ ਕੁੱਲ ਖਪਤਕਾਰ ਕਰਜ਼ਾ 2.74 ਟ੍ਰਿਲੀਅਨ ਡਾਲਰ ਤੱਕ ਪਹੁੰਚ ਗਿਆ ਹੈ, ਜਦਕਿ ਕ੍ਰੈਡਿਟ ਕਾਰਡਾਂ ਦਾ ਬਕਾਇਆ 136.2 ਬਿਲੀਅਨ ਡਾਲਰ ਹੋ ਗਿਆ ਹੈ।

9 ਦਸੰਬਰ ਨੂੰ ਵਿਆਜ ਦਰਾਂ ਬਾਰੇ ਅਗਲਾ ਫ਼ੈਸਲਾ

ਬੈਂਕ ਆਫ਼ ਕੈਨੇਡਾ ਦੀ ਮੁੱਖ ਵਿਆਜ ਦਰ 2.5 ਫ਼ੀਸਦੀ ਹੈ। ਬੈਂਕ ਵੱਲੋਂ ਅਗਲਾ ਵਿਆਜ ਦਰਾਂ ਸਬੰਧੀ ਫ਼ੈਸਲਾ 9 ਦਸੰਬਰ ਨੂੰ ਐਲਾਨਿਆ ਜਾਣਾ ਹੈ। ਵਿਆਜ ਦਰਾਂ ਵਿੱਚ ਸੰਭਾਵੀ ਬਦਲਾਅ ਨੂੰ ਲੈ ਕੇ ਬਾਜ਼ਾਰ ਵਿੱਚ ਚਰਚਾ ਜਾਰੀ ਹੈ।

ਆਰਥਿਕ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਵਿਆਜ ਦਰਾਂ ਸਥਿਰ ਰਹਿੰਦੀਆਂ ਹਨ ਤਾਂ 2027 ਦੇ ਮੱਧ ਤੱਕ ਘਰਾਂ ਦੇ ਮਾਲਕਾਂ ਨੂੰ ਕੁਝ ਰਾਹਤ ਮਿਲ ਸਕਦੀ ਹੈ। ਪਰ ਇਸ ਸਮੇਂ ਵਧਦੇ ਕਰਜ਼ੇ ਅਤੇ ਮੌਰਗੇਜ ਦੀਆਂ ਕਿਸ਼ਤਾਂ ਕੈਨੇਡੀਅਨ ਪਰਿਵਾਰਾਂ ਲਈ ਵੱਡੀ ਚੁਣੌਤੀ ਬਣੀਆਂ ਹੋਈਆਂ ਹਨ।

ਕੈਨੇਡਾ 'ਚ ਇਲਾਜ ਦੀ...

SecondStreet.org ਵੱਲੋਂ ਜਾਰੀ ਰਿਪੋਰਟ ਵਿੱਚ ਘੱਟੋ-ਘੱਟ 29,468 ਅਜਿਹੇ ਮਾਮਲੇ ਦਰਜ ਕੀਤੇ ਗਏ ਹਨ, ਜਿਨ੍ਹਾਂ ਵਿੱਚ ਮਰੀਜ਼ ਆਪਣਾ ਇਲਾਜ ਜਾਂ ਮੈਡੀਕਲ ਅਪਾਇੰਟਮੈਂਟ ਮਿਲਣ ਤੋਂ ਪਹਿਲਾਂ ਹੀ ਦਮ ਤੋੜ ਗਏ। ਰਿਪੋਰਟ ਮੁਤਾਬਕ, ਅਪ੍ਰੈਲ 2018 ਤੋਂ ਲੈ ਕੇ ਹੁਣ ਤੱਕ ਕੈਨੇਡਾ ਵਿੱਚ ਇਲਾਜ ਦੀ ਉਡੀਕ ਕਰਦਿਆਂ ਮੌਤਾਂ ਦਾ ਦਰਜ ਕੀਤਾ ਗਿਆ ਅੰਕੜਾ 129,892 ਤੋਂ ਵੱਧ ਹੋ ਚੁੱਕਾ ਹੈ। ਇਨ੍ਹਾਂ ਅੰਕੜਿਆਂ ਨੇ ਕੈਨੇਡਾ ਦੀ ਸਿਹਤ ਪ੍ਰਣਾਲੀ ਵਿੱਚ ਲੰਬੀਆਂ ਉਡੀਕਾਂ, ਮਰੀਜ਼ਾਂ ਨੂੰ ਸਮੇਂ ਸਿਰ ਇਲਾਜ ਨਾ ਮਿਲਣ ਅਤੇ ਹਸਪਤਾਲਾਂ ਤੇ ਮੈਡੀਕਲ ਸੇਵਾਵਾਂ ਉੱਤੇ ਵਧ ਰਹੇ ਦਬਾਅ ਨੂੰ ਲੈ ਕੇ ਮੁੜ ਚਰਚਾ ਛੇੜ ਦਿੱਤੀ ਹੈ।

ਰਿਪੋਰਟ ਵਿੱਚ ਸਰਜਰੀਆਂ ਤੋਂ ਲੈ ਕੇ ਜਾਂਚਾਂ ਅਤੇ ਮਾਹਿਰ ਡਾਕਟਰਾਂ ਦੀਆਂ ਮੁਲਾਕਾਤਾਂ ਤੱਕ ਵੱਖ-ਵੱਖ ਸਿਹਤ ਸੇਵਾਵਾਂ ਦੀ ਉਡੀਕ ਦੌਰਾਨ ਹੋਈਆਂ ਮੌਤਾਂ ਦਾ ਜ਼ਿਕਰ ਕੀਤਾ ਗਿਆ ਹੈ। ਸਿਹਤ ਸੇਵਾਵਾਂ ਵਿੱਚ ਸਮੇਂ ਸਿਰ ਪਹੁੰਚ ਅਤੇ ਉਡੀਕ ਸਮਾਂ ਘਟਾਉਣਾ ਕੈਨੇਡਾ ਦੇ ਸਿਹਤ ਸਿਸਟਮ ਸਾਹਮਣੇ ਇੱਕ ਵੱਡੀ ਚੁਣੌਤੀ ਬਣਿਆ ਹੋਇਆ ਹੈ।

ਭਾਜਪਾ-ਅਕਾਲੀ ਦਲ...

ੀ ਕੇਂਦਰ ਸਰਕਾਰ ਨੇ 19 ਨਵੰਬਰ 2021 ਨੂੰ ਪ੍ਰਕਾਸ਼ ਪੁਰਬ ਵਾਲੇ ਦਿਨ ਹੀ 3 ਵਿਵਾਦਤ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕੀਤਾ ਸੀ। ਅੱਜ ਇਸੇ ਗੁਰਪੁਰਬ ਮੌਕੇ ਭਾਜਪਾ ਨੇ ਅਕਾਲੀ ਦਲ ਨਾਲ 2020 ਵਿੱਚ ਟੁੱਟਿਆ ਗੱਠਜੋੜ ਮੁੜ ਜੋੜਨ ਦਾ ਐਲਾਨ ਕੀਤਾ ਹੈ। ਸਾਲ 2020 ਵਿੱਚ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਗੱਠਜੋੜ ਟੁੱਟਣ ਮਗਰੋਂ ਅਕਾਲੀ ਦਲ ਨੂੰ ਸ਼ਹਿਰੀ ਹਿੰਦੂ ਵੋਟਾਂ ਅਤੇ ਭਾਜਪਾ ਨੂੰ ਪੇਂਡੂ ਸਿੱਖ ਵੋਟਾਂ ਦਾ ਨੁਕਸਾਨ ਝੱਲਣਾ ਪਿ

ਪੰਜਾਬੀ ਮੂਲ ਦੇ 'ਨਵਦੀਪ ਸਿੰਘ ਬੈਂਸ' ਦੇ ਹੱਥ ਆਈ ਓਨਟਾਰੀਓ ਲਿਬਰਲ ਪਾਰਟੀ ਦੀ ਕਮਾਂਡ



ਕੈਨੇਡਾ ਦੀ ਕਰੀਬ ਅੱਧੀ ਆਬਾਦੀ ਸਮੇਈ ਬੈਠੇ ਪੂਰਬੀ ਖੇਤਰ ਦੇ ਵੱਡੇ ਸੂਬੇ ਓਂਟਾਰੀਓ ਦੀ ਲਿਬਰਲ ਪਾਰਟੀ ਦੀ ਕਮਾਂਡ ਅੱਜ ਸਾਬਕਾ ਕੇਂਦਰੀ ਮੰਤਰੀ ਨਵਦੀਪ ਸਿੰਘ ਬੈਂਸ ਦੇ ਹੱਥ ਆ ਗਈ। ਅੱਜ ਪਾਰਟੀ ਦੇ ਆਗੂ ਦੀ ਚੋਣ ਲਈ ਤਿੰਨ ਪੜਾਵਾਂ ਵਿੱਚ ਹੋਈ ਚੋਣ ਵਿੱਚ ਨਵਜੋਤ ਬੈਂਸ ਨੇ ਬਹੁਮਤ ਹਾਸਲ ਕਰਕੇ ਚੋਣ ਮੈਦਾਨ ਵਿੱਚ ਕੁੱਦੀ ਲੀ ਫੇਅਰਕਲੌ ਨੂੰ ਪਛਾੜ ਦਿੱਤਾ।

ਹੁਸ਼ਿਆਰਪੁਰ ਦੇ ਪਿੰਡ ਤਾਜੇਵਾਲ ਤੋਂ ਦਾ ਪਿਛੋਕੜ

ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਤਾਜੇਵਾਲ ਦੇ ਪਿਛੋਕੜ ਵਾਲੇ ਨਵਜੋਤ ਬੈਂਸ ਦੇ ਪਿਤਾ ਬਲਵਿੰਦਰ ਸਿੰਘ ਬੈਂਸ 55 ਕੁ ਸਾਲ ਪਹਿਲਾਂ ਕੈਨੇਡਾ ਆ ਵੱਸੇ ਸਨ। ਨਵਜੋਤ ਬੈਂਸ ਦਾ ਜਨਮ ਟਰਾਂਟੋ 'ਚ ਹੋਇਆ ਤੇ ਬਾਅਦ ਵਿੱਚ ਪਰਿਵਾਰ ਬਰੈਂਪਟਨ ਜਾ ਵੱਸਿਆ। ਐਮ.ਬੀ.ਏ. ਤੱਕ ਪੜ੍ਹਾਈ ਕਰਨ ਤੋਂ ਬਾਅਦ ਨਵਜੋਤ ਬੈਂਸ ਨੇ 2004 'ਚ ਸਿਆਸਤ ਵਿੱਚ ਕੁੱਦ ਕੇ ਪਾਰਲੀਮੈਂਟ ਮੈਂਬਰ ਲਈ ਪਹਿਲੀ ਚੋਣ ਲੜੀ ਤੇ ਜਿੱਤ ਕੇ ਪਾਰਟੀ ਦੀ ਝੋਲੀ ਪਾਈ। ਲਗਾਤਾਰ ਪੰਜਵੀਂ ਤੇ ਛੇਵੀਂ ਵਾਰ ਜਿੱਤ ਕੇ ਉਸ ਨੇ ਜਸਟਿਨ ਟਰੂਡੋ ਵਜ਼ਾਰਤਾਂ ਵਿੱਚ ਦੋ ਵਾਰ ਕੇਂਦਰੀ ਮੰਤਰੀ ਬਣ ਕੇ ਸੇਵਾਵਾਂ ਨਿਭਾਈਆਂ। 2021 ਵਿੱਚ ਉਸ ਨੇ ਸਿਆਸਤ ਤੋਂ ਪਾਸਾ ਵੱਟ ਲਿਆ ਤੇ ਕਾਰੋਬਾਰੀ ਦੁਨੀਆ ਨਾਲ ਹੱਥ ਵਟਾ ਲਿਆ। ਪਹਿਲਾਂ ਇੱਕ ਨਿੱਜੀ ਬੈਂਕ ਦੇ ਉੱਚ ਅਹੁਦੇ 'ਤੇ ਕੰਮ ਕੀਤਾ ਤੇ ਤਿੰਨ ਸਾਲਾਂ ਤੋਂ ਉਹ ਕੈਨੇਡਾ ਦੀ ਸੰਚਾਰ ਪ੍ਰਣਾਲੀ ਵਿੱਚ ਪਹਿਲੇ ਨੰਬਰ ਵਾਲੀ ਕੰਪਨੀ 'ਚ ਕਾਰਪੋਰੇਟ ਮਾਮਲਿਆਂ ਦੇ ਮੁਖੀ ਵਜੋਂ ਸੇਵਾ ਨਿਭਾ ਰਹੇ ਸਨ।

ਅੱਜ ਪਾਰਟੀ ਲੀਡਰ ਦੀ ਤਿੰਨ ਪੜਾਵੀ ਚੋਣ ਦੇ ਆਖ਼ਰੀ ਪੜਾਅ ਵਿੱਚ ਉਸ ਨੇ 50.29 ਵੋਟਾਂ ਦੇ ਪਤਲੇ ਜਿਹੇ ਬਹੁਮਤ ਨਾਲ ਵਿਰੋਧੀ ਉਮੀਦਵਾਰ ਲੀ ਫੇਅਰਕਲੌ ਨੂੰ ਪਛਾੜ ਦਿੱਤਾ। ਸੂਬੇ ਲਈ ਉਸ ਦੀਆਂ ਮੁੱਖ ਤਰਜੀਹਾਂ 'ਚੋਂ ਰੁਜ਼ਗਾਰ ਤੇ ਚੰਗੀਆਂ ਤਨਖ਼ਾਹਾਂ, ਸਿਹਤ ਸੇਵਾਵਾਂ ਤੇ ਉਦਯੋਗਿਕ ਵਿਕਾਸ ਸ਼ਾਮਲ ਹਨ। ਨੌਜਵਾਨਾਂ ਦੇ ਭਵਿੱਖ ਦੀ ਚਿੰਤਾ ਜਤਾਉਣ ਵਾਲੇ ਬੈਂਸ ਨੇ ਚੋਣ ਜਿੱਤਣ ਤੋਂ ਬਾਅਦ ਭਰੋਸਾ ਪ੍ਰਗਟਾਇਆ ਕਿ ਉਹ ਸਾਰਾ ਸਮਾਂ ਪਾਰਟੀ ਕੰਮਾਂ ਨੂੰ ਦੇ ਕੇ ਅਗਲੀਆਂ ਚੋਣਾਂ ਵਿੱਚ ਬਹੁਮਤ ਹਾਸਲ ਕਰਕੇ ਸਾਰੇ ਕੰਮ ਯਕੀਨੀ ਬਣਾਉਣ ਲਈ ਪੂਰੀ ਵਾਹ ਲਾਉਣਗੇ।

ਬ੍ਰਿਟਿਸ਼ ਕੋਲੰਬੀਆ ਦੀ ਵਜ਼ਾਰਤ 'ਚ 7 ਪੰਜਾਬੀਆਂ ਨੂੰ ਥਾਂ ਮਿਲੀ

ਤਿੰਨ ਮੰਤਰੀ ਤੇ ਚਾਰ ਪਾਰਲੀਮਾਨੀ ਸਕੱਤਰ ਬਣੇ, ਵਿਸ਼ੇਸ਼ ਵਿਭਾਗ ਦੇਣ ਤੋਂ ਟਾਲਾ ਵੱਟਿਆ



ਬ੍ਰਿਟਿਸ਼ ਕੋਲੰਬੀਆ ਦੀਆਂ ਮੱਧਕਾਲੀ ਚੋਣਾਂ ਵਿੱਚ ਹੂੰਝਾਫੇਰ ਜਿੱਤ ਹਾਸਲ ਕਰਨ ਤੋਂ ਕਰੀਬ ਇਹ ਮਹੀਨਾ ਬਾਅਦ ਅੱਜ ਕੰਨਜ਼ਰਵੇਟਿਵ ਪਾਰਟੀ ਨੇ ਆਪਣੀ ਸਰਕਾਰ ਦਾ ਗਠਨ ਕਰ ਲਿਆ ਹੈ। ਮੁੱਖ ਮੰਤਰੀ ਲੌਰਨ ਡੌਰਕਸਨ ਨੇ ਆਪਣੇ ਸਮੇਤ 24 ਮੰਤਰੀ ਅਤੇ 12 ਪਾਰਲੀਮਾਨੀ ਸਕੱਤਰਾਂ ਦਾ ਸਹੁੰ ਚੁੱਕ ਸਮਾਗਮ ਹੋਇਆ, ਜਿਸ ਵਿੱਚ ਸੱਤ ਪੰਜਾਬੀਆਂ ਨੂੰ ਮੰਤਰੀ ਮੰਡਲ ਚ ਥਾਂ ਮਿਲੀ ਹੈ। ਜਿਨ੍ਹਾਂ ਵਿੱਚ ਤਿੰਨ ਮੰਤਰੀ ਤੇ ਚਾਰ ਪਾਰਲੀਮਾਨੀ ਸਕੱਤਰ ਬਣੇ ਹਨ।

ਵਿਭਾਗਾਂ ਦੀ ਵੰਡ ਤੇ ਨਜ਼ਰ ਮਾਰੀਏ ਤਾਂ ਪੰਜਾਬੀਆਂ ਨੂੰ ਮੁੱਖ ਵਿਭਾਗਾਂ ਤੋਂ ਥੋੜਾ ਪਾਸੇ ਰੱਖਿਆ ਗਿਆ ਹੈ। ਜੈਸੀ ਸਹੋਤਾ ਨੂੰ ਸੌਲਿਸਟਰ ਜਨਰਲ ਤੇ ਲੋਕ ਸੁਰੱਖਿਆ ਵਿਭਾਗ, ਜੀਸ਼ਨ ਵਾਹਲਾ ਨੂੰ ਹਾਊਸਿੰਗ ਵਿਭਾਗ ਦਾ ਰਾਜ ਮੰਤਰੀ, ਹਰਮਨ ਭੰਗੂ ਨੂੰ ਕਿਰਤ ਵਿਭਾਗ ਦਾ ਰਾਜ ਮੰਤਰੀ ਬਣਾਇਆ ਗਿਆ ਹੈ।

ਇਸੇ ਤਰਾਂ ਚਾਰ ਪਾਰਲੀਮਾਨੀ ਸਕੱਤਰਾਂ ਵਿੱਚ ਸਟੀਵ ਕੂਨਰ ਨੂੰ ਇੰਫ੍ਰਾਸਟ੍ਰੈਕਚ੍ਰ ਨਿਗਮ ਦੀ ਨਿਗਰਾਨੀ ਸੌਂਪੀ ਗਈ ਹੈ। ਮਨਦੀਪ ਧਾਲੀਵਾਲ ਨੂੰ ਖੇਡਾਂ ਤੇ ਸਭਿਆਚਾਰਕ ਮਾਮਲੇ ਅਤੇ ਜੋਡੀ ਤੂਰ ਨੂੰ ਸੈਰ ਸਪਾਟਾ ਵਿਭਾਗ ਨਾਲ ਜੋੜਿਆ ਗਿਆ ਹੈ। ਹਰਜ ਧਾਲੀਵਾਲ ਨੂੰ ਸਰਕਾਰੀ ਟਰਾਂਸਪੋਰਟ ਵਿਭਾਗ ਟਰਾਂਸਲਿੰਕ ਦੀ ਨਿਗਰਾਨੀ ਸੌਂਪੀ ਗਈ ਹੈ।

ਸੱਤਾਧਾਰੀ ਪਾਰਟੀ ਨੇ 92 ਮੈਂਬਰੀ ਹਾਊਸ ਲਈ 63 ਸੀਟਾਂ ਜਿੱਤ ਕੇ ਰਿਕਾਰਡ ਬਣਾਇਆ ਹੈ। ਪਿਛਲੇ 9 ਸਾਲਾਂ ਤੋਂ ਨਿਊ ਡੈਮੋਕ੍ਰੈਟਿਕ ਪਾਰਟੀ, ਗਰੀਨ ਪਾਰਟੀ ਦੇ ਦੋ ਵਿਧਾਇਕਾਂ ਦੇ ਸਹਿਯੋਗ ਨਾਲ ਪਤਲੇ ਜਿਹੇ ਬਹੁਮੱਤ ਨਾਲ ਸਰਕਾਰ ਚਲਾ ਰਹੀ ਸੀ। ਜੁਲਾਈ 2017 ਵਿੱਚ ਐਨਡੀਪੀ ਨੇ 12 ਸਾਲਾਂ ਤੋਂ ਸਤਾ ਤੇ ਕਾਬਜ ਲਿਬਰਲ ਪਾਰਟੀ ਤੋਂ ਸਤਾ ਖੋਹੀ ਸੀ।

24 ਮੈਂਬਰੀ ਵਜਾਰਤ ਵਿੱਚ 8 ਔਰਤਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਦ ਕਿ ਐਨਡੀਪੀ ਦੀਆਂ ਪਿਛਲੀਆਂ ਸਰਕਾਰਾਂ ਵਿੱਚ ਔਰਤ ਮਰਦ ਦਾ ਸੰਤੁਲਨ ਬੈਠਾਇਆ ਜਾਂਦਾ ਰਿਹਾ ਹੈ। ਇਥੇ ਜਿਕਰਯੋਗ ਹੈ ਕਿ ਐਨਡੀਪੀ ਦੇ ਆਗੂ ਡੇਵਿਡ ਈਬੀ ਦੀ ਅਗਵਾਈ ਵਾਲੀ ਪਿਛਲੀ ਸਰਕਾਰ ਦਾ ਕਾਰਜਕਾਲ ਅਜੇ ਦੋ ਸਾਲ ਰਹਿੰਦਾ ਸੀ, ਪਰ ਡੇਵਿਡ ਈਬੀ ਨੇ ਦੋ ਸਾਲ ਦੇ ਵਾਧੇ ਦਾ ਲਾਹਾ ਲੈਣ ਲਈ ਵਿਧਾਨ ਸਭਾ ਭੰਗ ਕਰਕੇ ਮੱਧਕਾਲੀ ਚੋਣਾਂ ਤੇ ਦਾਅ ਖੇਡਿਆ, ਜੋ ਉਸਨੂੰ ਪੂਰੀ ਤਰਾਂ ਪੁੱਠਾ ਪੈ ਗਿਆ ਤੇ ਦੋ ਸਾਲ ਹੋਰ ਰਾਜ ਕਰਨ ਦੇ ਲਾਲਚ ਵਿੱਚ ਉਹ ਰਹਿੰਦੇ ਦੋ ਸਾਲ ਵੀ ਗਵਾ ਬੈਠੇ।

ਫਿਰੌਤੀ ਮੰਗਣ ਅਤੇ ਕਾਰੋਬਾਰੀ ਅਦਾਰੇ ਨੂੰ ਅੱਗ ਲਾਉਣ ਦੇ ਦੋਸ਼ ਹੇਠ ਪੰਜਾਬੀ ਮੂਲ ਦਾ ਨੌਜਵਾਨ ਗ੍ਰਿਫ਼ਤਾਰ



ਪੀਲ ਪੁਲੀਸ ਨੇ ਬਰੈਂਪਟਨ ਵਿੱਚ ਕਾਰੋਬਾਰੀਆਂ ਤੋਂ ਫਿਰੌਤੀਆਂ ਮੰਗਣ, ਧਮਕੀਆਂ ਦੇਣ ਅਤੇ ਇੱਕ ਕਾਰੋਬਾਰੀ ਅਦਾਰੇ ਨੂੰ ਅੱਗ ਲਾਉਣ ਦੇ ਮਾਮਲੇ ਵਿੱਚ ਪੰਜਾਬੀ ਮੂਲ ਦੇ ਨੌਜਵਾਨ ਨੂੰ ਗ੍ਰਿਫਤਾਰ ਕਰਕੇ ਉਸ ਵਿਰੁੱਧ ਦੋਸ਼ ਆਇਦ ਕੀਤੇ ਹਨ। ਬਰੈਂਪਟਨ ਦੇ ਵਸਨੀਕ ਜਸਜੀਤ ਸਿੰਘ ਵਜੋਂ ਪਛਾਣੇ ਗਏ ਮੁਲਜ਼ਮ ਨੂੰ ਪੁਲੀਸ ਦੀ ਮੇਜਰ ਕ੍ਰਾਈਮਜ਼ ਯੂਨਿਟ (ਐੱਮ.ਸੀ.ਯੂ.) ਵੱਲੋਂ 9 ਅਕਤੂਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਜਾਂਚਕਰਤਾਵਾਂ ਅਨੁਸਾਰ, ਪੀੜਤ ਨੂੰ ਅਪਰੈਲ ਤੋਂ ਹੀ ਪੈਸਿਆਂ ਦੀ ਲਗਾਤਾਰ ਮੰਗ ਕੀਤੀ ਜਾ ਰਹੀ ਸੀ, ਜਿਸ ਦੇ ਨਾਲ ਹੀ ਉਸ ਦੇ ਪਰਿਵਾਰ, ਘਰ, ਕਾਰੋਬਾਰ ਅਤੇ ਨਿੱਜੀ ਜਾਇਦਾਦ ਵਿਰੁੱਧ ਹਿੰਸਾ ਦੀਆਂ ਧਮਕੀਆਂ ਵੀ ਦਿੱਤੀਆਂ ਜਾ ਰਹੀਆਂ ਸਨ। ਮੁਲਜ਼ਮ ਨੇ ਜਬਰੀ ਵਸੂਲੀ ਦੀਆਂ ਮੰਗਾਂ ਕਰਨ ਤੋਂ ਬਾਅਦ ਪੀੜਤ ਨੂੰ ਡਰਾਉਣ ਲਈ ਕਥਿਤ ਤੌਰ 'ਤੇ ਅੱਗਜ਼ਨੀ ਦਾ ਸਹਾਰਾ ਲਿਆ। ਅਜਿਹੀ ਹੀ ਇੱਕ ਘਟਨਾ ਵਿੱਚ ਅਧਿਕਾਰੀਆਂ ਨੇ 5 ਸਤੰਬਰ ਨੂੰ ਤੜਕੇ ਕਰੀਬ 4.45 ਵਜੇ ਪੀੜਤ ਦੇ ਕਾਰੋਬਾਰੀ ਅਦਾਰੇ 'ਤੇ ਲੱਗੀ ਅੱਗ ਦਾ ਜਾਇਜ਼ਾ ਲਿਆ। ਉਪਲਬਧ ਵੇਰਵਿਆਂ ਅਨੁਸਾਰ, ਇੱਕ ਵਿਅਕਤੀ ਅਦਾਰੇ 'ਤੇ ਆਇਆ, ਉਸ ਨੇ ਗੈਰੇਜ ਦੇ ਦਰਵਾਜ਼ੇ ਨੇੜੇ ਕੋਈ ਜਲਣਸ਼ੀਲ ਤਰਲ ਪਦਾਰਥ ਛਿੜਕਿਆ, ਜੋ ਕਿ ਗੈਸੋਲੀਨ ਮੰਨਿਆ ਜਾ ਰਿਹਾ ਹੈ ਅਤੇ ਉਸ ਨੂੰ ਅੱਗ ਲਾ ਦਿੱਤੀ।

ਇਸ ਅੱਗ ਕਾਰਨ ਕਾਰੋਬਾਰੀ ਅਦਾਰੇ ਅਤੇ ਨੇੜੇ ਖੜ੍ਹੇ ਵਾਹਨਾਂ ਦਾ ਲਗਭਗ 1,00,000 ਡਾਲਰ ਦਾ ਅੰਦਾਜ਼ਨ ਨੁਕਸਾਨ ਹੋਇਆ। ਜਾਂਚ ਤੋਂ ਬਾਅਦ ਪੁਲੀਸ ਨੇ ਜਸਜੀਤ ਸਿੰਘ ਦਾ ਪਤਾ ਲਗਾਇਆ ਅਤੇ ਉਸ ਨੂੰ 9 ਅਕਤੂਬਰ ਨੂੰ ਗ੍ਰਿਫ਼ਤਾਰ ਕਰ ਲਿਆ। ਉਸ 'ਤੇ ਜਬਰੀ ਵਸੂਲੀ ਦੇ ਦੋਸ਼ ਆਇਦ ਕੀਤੇ ਗਏ ਅਤੇ ਬਾਅਦ ਵਿੱਚ ਬਰੈਂਪਟਨ ਸਥਿਤ ਓਨਟਾਰੀਓ ਕੋਰਟ ਆਫ਼ ਜਸਟਿਸ ਵਿੱਚ ਪੇਸ਼ ਕਰਨ ਤੋਂ ਪਹਿਲਾਂ ਜ਼ਮਾਨਤ ਦੀ ਸੁਣਵਾਈ ਲਈ ਹਿਰਾਸਤ ਵਿੱਚ ਰੱਖਿਆ ਗਿਆ।

ਜਾਂਚ ਅਜੇ ਵੀ ਜਾਰੀ ਹੈ ਅਤੇ ਪੁਲੀਸ ਨੂੰ ਸ਼ੱਕ ਹੈ ਕਿ ਇਸ ਮਾਮਲੇ ਨਾਲ ਹੋਰ ਵਿਅਕਤੀ ਵੀ ਜੁੜੇ ਹੋ ਸਕਦੇ ਹਨ। ਪੀਲ ਰੀਜਨਲ ਪੁਲੀਸ ਨੇ ਇਸ ਘਟਨਾ ਨਾਲ ਜੁੜੇ ਕਿਸੇ ਵੀ ਵਿਅਕਤੀ ਦੀ ਪਛਾਣ ਕਰਨ ਅਤੇ ਉਸ ਦਾ ਪਤਾ ਲਗਾਉਣ ਲਈ ਲੋਕਾਂ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ। ਜਿਸ ਕਿਸੇ ਕੋਲ ਵੀ ਕੋਈ ਜਾਣਕਾਰੀ ਹੋਵੇ, ਉਸ ਨੂੰ ਮੇਜਰ ਕ੍ਰਾਈਮਜ਼ ਯੂਨਿਟ ਨਾਲ ਸੰਪਰਕ ਕਰਨ ਲਈ ਕਿਹਾ ਗਿਆ ਹੈ।

ਅਮਰੀਕਾ 'ਚ 90 ਦਿਨਾਂ ਲਈ ਬਲੈਕਆਊਟ ਦਾ ਡਰ!

ਲੋਕਾਂ ਨੇ ਘਰਾਂ 'ਚ ਭਰ ਲਿਆ ਰਾਸ਼ਨ ਤੇ ਪਾਣੀ!



ਸੋਚੋ ਜੇਕਰ ਤੁਹਾਨੂੰ ਪਤਾ ਲੱਗੇ ਕਿ ਅਗਲੇ 90 ਦਿਨਾਂ ਤੱਕ ਤੁਹਾਡੇ ਘਰ ਦੀ ਬਿਜਲੀ ਬੰਦ ਰਹਿਣ ਵਾਲੀ ਹੈ... ਨਾ ਇੰਟਰਨੈੱਟ ਚੱਲੇਗਾ, ਨਾ ਬੈਂਕਿੰਗ ਸੇਵਾਵਾਂ ਅਤੇ ਨਾ ਹੀ ਰੋਜ਼ਾਨਾ ਦੇ ਜ਼ਰੂਰੀ ਕੰਮ ਆਸਾਨੀ ਨਾਲ ਹੋ ਸਕਣਗੇ... ਤਾਂ ਤੁਸੀਂ ਕੀ ਕਰੋਗੇ? ਸ਼ਾਇਦ ਸਭ ਤੋਂ ਪਹਿਲਾਂ ਘਰ ਵਿੱਚ ਰਾਸ਼ਨ, ਪਾਣੀ ਅਤੇ ਜ਼ਰੂਰੀ ਸਾਮਾਨ ਇਕੱਠਾ ਕਰਨਾ ਸ਼ੁਰੂ ਕਰ ਦਿਓਗੇ। ਕੁਝ ਅਜਿਹਾ ਹੀ ਨਜ਼ਾਰਾ ਇਨ੍ਹੀਂ ਦਿਨੀਂ ਅਮਰੀਕਾ ਦੇ ਕਈ ਸਟੋਰਾਂ 'ਤੇ ਦੇਖਣ ਨੂੰ ਮਿਲ ਰਿਹਾ ਹੈ। ਜਿੱਥੇ ਲੋਕ ਆਮ ਖਰੀਦਦਾਰੀ ਛੱਡ ਕੇ ਪਾਣੀ ਦੀਆਂ ਬੋਤਲਾਂ, ਚੌਲ, ਡੱਬਾਬੰਦ ਖਾਣਾ, ਪ੍ਰੋਪੇਨ ਗੈਸ ਅਤੇ ਜਨਰੇਟਰ ਤੱਕ ਖਰੀਦ ਰਹੇ ਹਨ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਸ ਘਬਰਾਹਟ ਪਿੱਛੇ ਕੋਈ ਤੂਫ਼ਾਨ ਜਾਂ ਕੁਦਰਤੀ ਆਫ਼ਤ ਨਹੀਂ, ਸਗੋਂ ਸੋਸ਼ਲ ਮੀਡੀਆ 'ਤੇ ਫੈਲੀ ਇੱਕ ਅਫ਼ਵਾਹ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਅਮਰੀਕਾ ਵਿੱਚ ਅਗਲੇ 90 ਦਿਨਾਂ ਤੱਕ ਬਿਜਲੀ ਅਤੇ ਹੋਰ ਜ਼ਰੂਰੀ ਸੇਵਾਵਾਂ ਠੱਪ ਹੋ ਸਕਦੀਆਂ ਹਨ। ਹਾਲਾਂਕਿ ਅਧਿਕਾਰੀਆਂ ਨੇ ਅਜਿਹੇ ਕਿਸੇ ਵੀ ਦਾਅਵੇ ਨੂੰ ਖਾਰਜ ਕੀਤਾ ਹੈ, ਪਰ ਲੋਕਾਂ ਵਿੱਚ ਫੈਲੇ ਡਰ ਦਾ ਅਸਰ ਹੁਣ ਬਾਜ਼ਾਰਾਂ ਵਿੱਚ ਵੀ ਦਿਖਾਈ ਦੇ ਰਿਹਾ ਹੈ। ਵਾਲਮਾਰਟ, ਕੌਸਟਕੋ ਅਤੇ ਟਰੈਕਟਰ ਸਪਲਾਈ ਵਰਗੇ ਵੱਡੇ ਰਿਟੇਲ ਸਟੋਰਾਂ 'ਤੇ ਐਮਰਜੈਂਸੀ ਸਾਮਾਨ ਦੀ ਮੰਗ ਵਿੱਚ ਤੇਜ਼ੀ ਆਈ ਹੈ।

ਵਾਲਮਾਰਟ ਮੁਤਾਬਕ ਪ੍ਰੋਪੇਨ ਗੈਸ, ਬੋਤਲਬੰਦ ਪਾਣੀ ਅਤੇ ਕੈਂਪਿੰਗ ਨਾਲ ਜੁੜੇ ਸਾਮਾਨ ਦੀ ਮੰਗ ਵਧੀ ਹੈ, ਜਦਕਿ ਕੌਸਟਕੋ ਵਿੱਚ ਚੌਲ, ਡੱਬਾਬੰਦ ਖਾਣੇ ਅਤੇ ਪਾਣੀ ਦੀ ਖਰੀਦਦਾਰੀ ਵਿੱਚ ਵੀ ਤੇਜ਼ੀ ਦੇਖੀ ਜਾ ਰਹੀ ਹੈ। ਪਰ ਆਖ਼ਰ ਇਹ 90 ਦਿਨਾਂ ਦੇ ਬਲੈਕਆਊਟ ਵਾਲੀ ਅਫ਼ਵਾਹ ਸ਼ੁਰੂ ਕਿੱਥੋਂ ਹੋਈ?ਦਰਅਸਲ, ਇਸ ਦੀਆਂ ਜੜ੍ਹਾਂ ਅਮਰੀਕੀ ਰੱਖਿਆ ਵਿਭਾਗ ਵੱਲੋਂ ਸਤੰਬਰ ਦੇ ਅਖੀਰ ਵਿੱਚ ਜਾਰੀ ਕੀਤੇ ਗਏ ਇੱਕ ਨਿਰਦੇਸ਼ ਨਾਲ ਜੁੜੀਆਂ ਹਨ। ਇਹ ਨਿਰਦੇਸ਼ ਫ਼ੌਜੀ ਤਿਆਰੀਆਂ ਨਾਲ ਸਬੰਧਤ ਸੀ, ਪਰ ਸੋਸ਼ਲ ਮੀਡੀਆ 'ਤੇ ਇਸ ਨੂੰ ਤੋੜ-ਮਰੋੜ ਕੇ 90 ਦਿਨਾਂ ਤੱਕ ਬਿਜਲੀ ਬੰਦ ਰਹਿਣ ਦੀ ਚਿਤਾਵਨੀ ਵਜੋਂ ਪੇਸ਼ ਕੀਤਾ ਜਾਣ ਲੱਗਾ। ਇਸ ਤੋਂ ਬਾਅਦ ਠਿਕਠੌਰ 'ਤੇ ਕਈ ਵੀਡੀਓਜ਼ ਵਾਇਰਲ ਹੋਈਆਂ, ਜਿਨ੍ਹਾਂ ਵਿੱਚ ਦਾਅਵਾ ਕੀਤਾ ਗਿਆ ਕਿ 17 ਨਵੰਬਰ ਤੋਂ ਪੂਰੇ ਅਮਰੀਕਾ ਦੀ ਬਿਜਲੀ ਪ੍ਰਣਾਲੀ ਠੱਪ ਹੋ ਜਾਵੇਗੀ।

ਇੱਥੋਂ ਤੱਕ ਕਿ ਕੁਝ ਫਰਜ਼ੀ ਵੀਡੀਓਜ਼ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵੀ ਅਜਿਹਾ ਐਲਾਨ ਕਰਦੇ ਦਿਖਾਇਆ ਗਿਆ। ਅਮਰੀਕੀ ਆਫ਼ਤ ਪ੍ਰਬੰਧਨ ਏਜੰਸੀ ਵੱਲੋਂ 17 ਨਵੰਬਰ ਨੂੰ ਦੇਸ਼ ਦੇ ਐਮਰਜੈਂਸੀ ਅਲਰਟ ਸਿਸਟਮ ਦੀ ਜਾਂਚ ਕੀਤੀ ਜਾਣੀ ਸੀ। ਇਹ ਕੋਈ ਨਵੀਂ ਗੱਲ ਨਹੀਂ, ਸਗੋਂ ਹਰ ਤਿੰਨ ਸਾਲਾਂ ਵਿੱਚ ਹੋਣ ਵਾਲੀ ਇੱਕ ਨਿਯਮਤ ਪ੍ਰਕਿਰਿਆ ਹੈ। ਪਰ ਸੋਸ਼ਲ ਮੀਡੀਆ 'ਤੇ ਇਸ ਟੈਸਟ ਨੂੰ ਵੀ 90 ਦਿਨਾਂ ਦੇ ਬਲੈਕਆਊਟ ਨਾਲ ਜੋੜ ਦਿੱਤਾ ਗਿਆ। ਅਮਰੀਕੀ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਦੇਸ਼ ਭਰ ਵਿੱਚ 90 ਦਿਨਾਂ ਤੱਕ ਬਿਜਲੀ ਬੰਦ ਰਹਿਣ ਦੀ ਕੋਈ ਅਧਿਕਾਰਤ ਚਿਤਾਵਨੀ ਜਾਰੀ ਨਹੀਂ ਕੀਤੀ ਗਈ। ਹਾਲਾਂਕਿ ਕੁਝ ਅਸਲ ਤਕਨੀਕੀ ਗੜਬੜੀਆਂ ਨੇ ਵੀ ਲੋਕਾਂ ਦੇ ਡਰ ਨੂੰ ਵਧਾਉਣ ਦਾ ਕੰਮ ਕੀਤਾ।

ਹਾਲ ਹੀ ਵਿੱਚ ਮਾਈਕ੍ਰੋਸਾਫਟ ਦੀਆਂ ਸੇਵਾਵਾਂ ਪ੍ਰਭਾਵਿਤ ਹੋਈਆਂ, ਹਵਾਈ ਆਵਾਜਾਈ ਦੇ ਸੰਚਾਰ ਸਿਸਟਮ ਵਿੱਚ ਦਿੱਕਤ ਆਈ, ਬੈਂਕਿੰਗ ਕੰਮਕਾਜ ਪ੍ਰਭਾਵਿਤ ਹੋਇਆ ਅਤੇ ਐਪਲ ਦੇ ਸਾਫ਼ਟਵੇਅਰ ਅਪਡੇਟ ਵਿੱਚ ਵੀ ਸਮੱਸਿਆ ਸਾਹਮਣੇ ਆਈ। ਇਸ ਤੋਂ ਇਲਾਵਾ ਅਮਰੀਕੀ ਰਾਸ਼ਟਰੀ ਸੁਰੱਖਿਆ ਏਜੰਸੀ ਦੇ ਇੱਕ ਅੰਦਰੂਨੀ ਸੰਚਾਰ ਨੈੱਟਵਰਕ ਵਿੱਚ ਵੀ ਰੁਕਾਵਟ ਦਰਜ ਕੀਤੀ ਗਈ। ਇਨ੍ਹਾਂ ਘਟਨਾਵਾਂ ਨੂੰ ਸੋਸ਼ਲ ਮੀਡੀਆ 'ਤੇ ਇੱਕ ਵੱਡੇ ਸੰਕਟ ਨਾਲ ਜੋੜਿਆ ਜਾਣ ਲੱਗਾ, ਜਦਕਿ ਅਧਿਕਾਰੀਆਂ ਮੁਤਾਬਕ ਇਨ੍ਹਾਂ ਸਾਰੀਆਂ ਘਟਨਾਵਾਂ ਦੇ ਆਪਸ ਵਿੱਚ ਜੁੜੇ ਹੋਣ ਜਾਂ ਕਿਸੇ ਵੱਡੇ ਸਾਈਬਰ ਹਮਲੇ ਦਾ ਕੋਈ ਸਬੂਤ ਨਹੀਂ ਮਿਲਿਆ।

ਇਸੇ ਦੌਰਾਨ ਬ੍ਰਿਟੇਨ, ਜਾਪਾਨ, ਜਰਮਨੀ ਅਤੇ ਨਾਰਵੇ ਵਰਗੇ ਦੇਸ਼ਾਂ ਵਿੱਚ ਵੀ ਲੋਕਾਂ ਨੂੰ ਸੰਭਾਵੀ ਐਮਰਜੈਂਸੀ ਲਈ ਤਿਆਰ ਰਹਿਣ ਅਤੇ ਘਰਾਂ ਵਿੱਚ ਜ਼ਰੂਰੀ ਸਾਮਾਨ ਰੱਖਣ ਦੀ ਸਲਾਹ ਦਿੱਤੀ ਜਾ ਰਹੀ ਹੈ। ਪਰ ਇਨ੍ਹਾਂ ਜਾਗਰੂਕਤਾ ਮੁਹਿੰਮਾਂ ਨੂੰ ਵੀ ਅਮਰੀਕਾ ਵਿੱਚ ਹੋਣ ਵਾਲੇ ਬਲੈਕਆਊਟ ਨਾਲ ਜੋੜ ਕੇ ਪੇਸ਼ ਕੀਤਾ ਗਿਆ। ਸੋ ਕੁੱਲ ਮਿਲਾ ਕੇ ਅਮਰੀਕਾ ਵਿੱਚ 90 ਦਿਨਾਂ ਦੇ ਬਲੈਕਆਊਟ ਦੀ ਕੋਈ ਪੁਸ਼ਟੀ ਨਹੀਂ ਹੈ, ਪਰ ਸੋਸ਼ਲ ਮੀਡੀਆ 'ਤੇ ਫੈਲੀਆਂ ਅਫ਼ਵਾਹਾਂ ਨੇ ਲੋਕਾਂ ਵਿੱਚ ਅਜਿਹਾ ਡਰ ਪੈਦਾ ਕਰ ਦਿੱਤਾ ਹੈ ਕਿ ਹੁਣ ਲੋਕ ਬਿਜਲੀ ਜਾਣ ਤੋਂ ਪਹਿਲਾਂ ਹੀ ਘਰਾਂ ਵਿੱਚ ਰਾਸ਼ਨ ਭਰਨ ਲੱਗ ਪਏ ਹਨ। ਇਹ ਮਾਮਲਾ ਇੱਕ ਵਾਰ ਫਿਰ ਸਾਬਤ ਕਰਦਾ ਹੈ ਕਿ ਸੋਸ

ਵਾਰਿਸ ਪੰਜਾਬ ਦਾ, ਪੁਨਰ ਸੁਰਜੀਤ ਤੇ ਬਸਪਾ ਦਰਮਿਆਨ ਗੱਠਜੋੜ ਜਲਦੀ ਹੋ ਸਕਦਾ ਹੈ ਐਲਾਨ!



ਚੰਡੀਗੜ੍ਹ, (ਕੁਲਵਿੰਦਰ ਸਿੰਘ ਚੰਦੀ): ਪੰਜਾਬ ਵਿੱਚ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਕ ਨਵਾਂ ਗੱਠਜੋੜ ਹੋ ਸਕਦਾ ਹੈ। ਇਸ ਦੌਰਾਨ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਪਾਰਟੀ 'ਵਾਰਿਸ ਪੰਜਾਬ ਦੇ' ਦਾ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਅਤੇ ਬਹੁਜਨ ਸਮਾਜ ਪਾਰਟੀ (ਬਸਪਾ) ਨਾਲ ਚੋਣ ਗੱਠਜੋੜ ਲਗਪਗ ਤੈਅ ਹੋ ਗਿਆ ਹੈ ਜਿਸ ਦਾ ਰਸਮੀ ਐਲਾਨ ਫਿਲੌਰ ਵਿਚ 26 ਨਵੰਬਰ ਨੂੰ ਹੋਣ ਵਾਲੀ ਬਸਪਾ ਦੀ ਰੈਲੀ ਵਿਚ ਕੀਤਾ ਜਾ ਸਕਦਾ ਹੈ। ਇਨ੍ਹਾਂ ਪਾਰਟੀਆਂ ਵੱਲੋਂ ਆਗਾਮੀ ਵਿਧਾਨ ਸਭਾ ਚੋਣਾਂ ਇਕੱਠਿਆਂ ਲੜਨ ਬਾਰੇ ਸਹਿਮਤੀ ਬਣ ਗਈ ਹੈ ਅਤੇ ਗੱਠਜੋੜ ਸਬੰਧੀ ਗੱਲਬਾਤ ਵੀ ਮੁਕੰਮਲ ਹੋ ਚੁੱਕੀ ਹੈ। ਇਸ ਦਾ ਰਸਮੀ ਐਲਾਨ ਜਲਦ ਕੀਤੇ ਜਾਣ ਦੀ ਸੰਭਾਵਨਾ ਹੈ।

ਇਸ ਸਬੰਧੀ ਫਰੀਦਕੋਟ ਵਿਚ ਵਾਰਿਸ ਪੰਜਾਬ ਦੇ ਆਗੂਆਂ ਦੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਅਤੇ ਬਸਪਾ ਦੇ ਸੀਨੀਅਰ ਆਗੂ ਅਵਤਾਰ ਸਿੰਘ ਕਰੀਮਪੁਰੀ ਨਾਲ ਮੀਟਿੰਗ ਹੋਈ। ਮੀਟਿੰਗ ਵਿੱਚ ਆਗਾਮੀ ਚੋਣਾਂ ਵਿੱਚ ਇਕੱਠਿਆਂ ਉਤਰਨ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ।

2027 ਦੀਆਂ ਚੋਣਾਂ ਲਈ ਨਵੇਂ ਸਿਆਸੀ ਸਮੀਕਰਨ

ਇਸ ਸੰਭਾਵੀ ਗੱਠਜੋੜ ਨੂੰ ਪੰਜਾਬ ਦੀ ਸਿਆਸਤ ਵਿੱਚ ਅਹਿਮ ਘਟਨਾਕ੍ਰਮ ਵਜੋਂ ਦੇਖਿਆ ਜਾ ਰਿਹਾ ਹੈ। ਅੰਮ੍ਰਿਤਪਾਲ ਸਿੰਘ ਦੀ ਪਾਰਟੀ ਵਾਰਿਸ ਪੰਜਾਬ ਨੇ ਪੰਜਾਬ ਵਿਚ ਸਿਆਸੀ ਆਧਾਰ ਬਣਾ ਲਿਆ ਹੈ ਤੇ ਇਸ ਪਾਰਟੀ ਨਾਲ ਗਰਮਖਿਆਲੀ ਸੋਚ ਰੱਖਣ ਵਾਲਾ ਵਰਗ ਤੇਜ਼ੀ ਨਾਲ ਜੁੜ ਰਿਹਾ ਹੈ। ਇਸ ਤੋਂ ਇਲਾਵਾ ਬਸਪਾ ਦਾ ਪੰਜਾਬ ਵਿੱਚ ਦਲਿਤ ਭਾਈਚਾਰੇ ਵਿੱਚ ਆਧਾਰ ਹੈ, ਜਦੋਂਕਿ ਅਕਾਲੀ ਦਲ (ਪੁਨਰ ਸੁਰਜੀਤ) ਪੰਥਕ ਅਤੇ ਪੰਜਾਬ ਦੇ ਮੁੱਦਿਆਂ ਨੂੰ ਲੈ ਕੇ ਸਿਆਸੀ ਸਰਗਰਮੀਆਂ ਕਰ ਰਿਹਾ ਹੈ। ਦੋਵਾਂ ਪਾਰਟੀਆਂ ਦੇ ਇਕੱਠੇ ਆਉਣ ਨਾਲ ਆਗਾਮੀ ਚੋਣਾਂ ਵਿੱਚ ਨਵੇਂ ਸਿਆਸੀ ਸਮੀਕਰਨ ਬਣ ਸਕਦੇ ਹਨ। ਜ਼ਿਕਰਯੋਗ ਹੈ ਕਿ ਅਕਾਲੀ ਦਲ (ਪੁਨਰ ਸੁਰਜੀਤ) ਨੇ ਇਸ ਤੋਂ ਪਹਿਲਾਂ ਕਿਸਾਨ ਜਥੇਬੰਦੀਆਂ, ਪੰਥਕ ਸੰਸਥਾਵਾਂ ਅਤੇ ਹੋਰ ਸੰਗਠਨਾਂ ਨਾਲ ਮਿਲ ਕੇ ਸਾਂਝਾ ਪੰਜਾਬ ਮੋਰਚਾ ਬਣਾਉਣ ਵਿੱਚ ਵੀ ਭੂਮਿਕਾ ਨਿਭਾਈ ਸੀ। ਇਸ ਮੋਰਚੇ ਨੇ ਵੀ 2027 ਦੀਆਂ ਵਿਧਾਨ ਸਭਾ ਚੋਣਾਂ ਇਕੱਠਿਆਂ ਲੜਨ ਦਾ ਐਲਾਨ ਕੀਤਾ ਸੀ। ਬਸਪਾ ਨਾਲ ਸੰਭਾਵੀ ਗੱਠਜੋੜ ਮਗਰੋਂ ਪੰਜਾਬ ਦੀਆਂ ਹੋਰਨਾਂ ਸਿਆਸੀ ਪਾਰਟੀਆਂ ਦੀਆਂ ਚੋਣ ਤਿਆਰੀਆਂ ਅਤੇ ਗੱਠਜੋੜਾਂ ਉੱਤੇ ਵੀ ਇਸ ਦਾ ਅਸਰ ਪੈ ਸਕਦਾ ਹੈ। ਹਾਲਾਂਕਿ ਦੋਵਾਂ ਪਾਰਟੀਆਂ ਵਿਚਾਲੇ ਸੀਟਾਂ ਦੀ ਵੰਡ ਅਤੇ ਸਾਂਝੀ ਚੋਣ ਰਣਨੀਤੀ ਬਾਰੇ ਅਜੇ ਕੋਈ ਵੇਰਵਾ ਸਾਹਮਣੇ ਨਹੀਂ ਆਇਆ।

ਅਮਰੀਕੀ ਸੰਸਦ ਦੇ ਹੇਠਲੇ ਸਦਨ 'ਚ ਡੈਮੋਕਰੈਟਿਕ ਪਾਰਟੀ ਨੂੰ ਇਤਿਹਾਸਕ ਬਹੁਮਤ; 258 ਸੀਟਾਂ ਜਿੱਤੀਆਂ



ਅਮਰੀਕਾ ਵਿੱਚ ਡੈਮੋਕਰੈਟਿਕ ਪਾਰਟੀ ਨੇ ਦਹਾਕਿਆਂ ਦੀ ਸਭ ਤੋਂ ਵੱਡੀ ਚੋਣ ਜਿੱਤ ਦਰਜ ਕਰਦਿਆਂ ਪ੍ਰਤੀਨਿਧੀ ਸਭਾ (ਹਾਊਸ ਆਫ ਰਿਪ੍ਰਜ਼ੈਂਟੇਟਿਵਜ਼) ਵਿੱਚ 258 ਸੀਟਾਂ ਹਾਸਲ ਕਰ ਲਈਆਂ ਹਨ। ਇਹ 1992 ਤੋਂ ਬਾਅਦ ਪਾਰਟੀ ਦਾ ਸਭ ਤੋਂ ਵਧੀਆ ਚੋਣ ਨਤੀਜਾ ਹੈ। ਇਸ ਜਿੱਤ ਨਾਲ ਡੈਮੋਕਰੈਟਿਕ ਪਾਰਟੀ ਨੂੰ ਸਰਕਾਰ ਦੇ ਕੰਮਕਾਜ ਵਿੱਚ ਅਹਿਮ ਭੂਮਿਕਾ ਨਿਭਾਉਣ ਦਾ ਮੌਕਾ ਮਿਲੇਗਾ ਪਰ ਇਸ ਦੇ ਨਾਲ ਹੀ ਚੋਣਾਂ ਦੌਰਾਨ ਕੀਤੇ ਵਾਅਦੇ ਪੂਰੇ ਕਰਨ ਦਾ ਦਬਾਅ ਵੀ ਵਧੇਗਾ। ਡੈਮੋਕਰੈਟਾਂ ਨੇ ਹੁਣ ਤੱਕ 44 ਸੀਟਾਂ ਦਾ ਵਾਧਾ ਕੀਤਾ ਹੈ ਜੋ 2018 ਵਿੱਚ ਰਾਸ਼ਟਰਪਤੀ ਡੋਨਲਡ ਟਰੰਪ ਦੇ ਪਹਿਲੇ ਮੱਧਕਾਲੀ ਚੋਣ ਸਾਲ ਦੌਰਾਨ ਪਾਰਟੀ ਵੱਲੋਂ ਜਿੱਤੀਆਂ ਗਈਆਂ 40 ਵਾਧੂ ਸੀਟਾਂ ਤੋਂ ਚਾਰ ਵੱਧ ਹਨ।

ਐਤਵਾਰ ਨੂੰ ਉੱਤਰੀ ਕੈਰੋਲੀਨਾ ਵਿੱਚ ਡੈਮੋਕਰੈਟਿਕ ਉਮੀਦਵਾਰ ਚੱਕ ਹਬਾਰਡ ਨੇ ਰਿਪਬਲਿਕਨ ਸੰਸਦ ਮੈਂਬਰ ਵਰਜੀਨੀਆ ਫੌਕਸ ਨੂੰ ਹਰਾ ਕੇ ਪਾਰਟੀ ਦੀਆਂ ਸੀਟਾਂ ਦੀ ਗਿਣਤੀ 258 ਤੱਕ ਪਹੁੰਚਾ ਦਿੱਤੀ। ਪ੍ਰਤੀਨਿਧੀ ਸਭਾ ਦੀਆਂ ਚਾਰ ਸੀਟਾਂ ਦੇ ਨਤੀਜੇ ਹਾਲੇ ਬਾਕੀ ਹਨ। ਇਨ੍ਹਾਂ ਵਿੱਚ ਮਿਨੀਸੋਟਾ ਅਤੇ ਟੈਨੇਸੀ ਦੀ ਇਕ-ਇਕ ਅਤੇ ਲੂਈਜ਼ਿਆਨਾ ਦੀਆਂ ਦੋ ਸੀਟਾਂ ਸ਼ਾਮਲ ਹਨ, ਜਿੱਥੇ ਦਸੰਬਰ ਵਿੱਚ ਮੁੜ ਵੋਟਾਂ ਪੈਣਗੀਆਂ। ਰਿਪਬਲਿਕਨ ਪਾਰਟੀ ਨੂੰ ਘੱਟੋ-ਘੱਟ 173 ਸੀਟਾਂ ਮਿਲੀਆਂ ਹਨ।

ਟਰੰਪ ਸਾਹਮਣੇ ਡੈਮੋਕਰੈਟਾਂ ਦੀਆਂ ਚੁਣੌਤੀਆਂ

435 ਮੈਂਬਰੀ ਪ੍ਰਤੀਨਿਧੀ ਸਭਾ ਵਿੱਚ ਇਸ ਬਹੁਮਤ ਨਾਲ ਅਮਰੀਕਾ ਵਿੱਚ ਵੰਡੀ ਹੋਈ ਸਰਕਾਰ ਦੀ ਸਥਿਤੀ ਬਣੇਗੀ। ਸੈਨੇਟ ਵਿੱਚ ਵੀ ਡੈਮੋਕਰੈਟਾਂ ਦਾ ਬਹੁਮਤ ਹੈ ਜਦਕਿ ਵ੍ਹਾਈਟ ਹਾਊਸ ਵਿੱਚ ਰਿਪਬਲਿਕਨ ਰਾਸ਼ਟਰਪਤੀ ਡੋਨਲਡ ਟਰੰਪ ਹਨ।

ਡੈਮੋਕਰੈਟਾਂ ਨੇ ਜਨਵਰੀ ਵਿੱਚ ਦੋਵਾਂ ਸਦਨਾਂ ਦਾ ਕੰਟਰੋਲ ਸੰਭਾਲਣ ਦੀ ਤਿਆਰੀ ਕਰਦਿਆਂ ਪਹਿਲੇ 100 ਦਿਨਾਂ ਲਈ ਆਪਣਾ ਏਜੰਡਾ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਵਿੱਚ ਮਹਿੰਗਾਈ ਅਤੇ ਜੀਵਨ-ਨਿਰਬਾਹ ਦੀਆਂ ਵਧਦੀਆਂ ਕੀਮਤਾਂ ਨਾਲ ਨਜਿੱਠਣਾ ਮੁੱਖ ਤਰਜੀਹ ਹੋਵੇਗੀ। ਪਾਰਟੀ ਨੇ ਰਿਪਬਲਿਕਨਾਂ ਵੱਲੋਂ ਮੈਡੀਕੇਡ ਸਿਹਤ ਸਹੂਲਤਾਂ ਵਿੱਚ ਕੀਤੀਆਂ ਕਟੌਤੀਆਂ ਵਾਪਸ ਲੈਣ ਅਤੇ ਅਫੋਰਡੇਬਲ ਕੇਅਰ ਐਕਟ ਤਹਿਤ ਟੈਕਸ ਰਿਆਇਤਾਂ ਮੁੜ ਬਹਾਲ ਕਰਨ ਲਈ ਛੇਤੀ ਵੋਟਿੰਗ ਕਰਵਾਉਣ ਦੀ ਯੋਜਨਾ ਬਣਾਈ ਹੈ।

ਇਸ ਤੋਂ ਇਲਾਵਾ ਡੈਮੋਕਰੈਟ ਸੰਸਦ ਮੈਂਬਰ ਟਰੰਪ ਅਤੇ ਉਨ੍ਹਾਂ ਦੇ ਪਰਿਵਾਰ ਦੀਆਂ ਵਿੱਤੀ ਗਤੀਵਿਧੀਆਂ ਦੀ ਜਾਂਚ ਕਰਨਗੇ। ਉਹ ਇਹ ਵੀ ਪਤਾ ਲਾਉਣਗੇ ਕਿ ਵ੍ਹਾਈਟ ਹਾਊਸ ਪਰਤਣ ਮਗਰੋਂ ਟਰੰਪ ਅਤੇ ਉਨ੍ਹਾਂ ਦੇ ਪਰਿਵਾਰ ਦੀ ਦੌਲਤ ਵਿੱਚ ਕਿਵੇਂ ਵਾਧਾ ਹੋਇਆ ਹੈ।

ਨਵੀਂ ਪੀੜ੍ਹੀ ਦੇ ਆਗੂਆਂ ਨੂੰ ਮਿਲੇਗੀ ਵੱਡੀ ਜ਼ਿੰਮੇਵਾਰੀ

ਕੋਲੋਰਾਡੋ ਤੋਂ ਡੈਮੋਕਰੈਟ ਸੰਸਦ ਮੈਂਬਰ ਜੇਸਨ ਕ੍ਰੋਅ ਨੇ ਕਿਹਾ ਕਿ ਪਾਰਟੀ ਨੂੰ ਆਪਣੇ ਉੱਤੇ ਪਏ ਦਬਾਅ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਲੋਕ ਆਪਣੀ ਸਿਹਤ ਸਹੂਲਤਾਂ, ਰੁਜ਼ਗਾਰ ਅਤੇ ਖੇਤੀਬਾੜੀ ਨਾਲ ਜੁੜੀਆਂ ਸਹੂਲਤਾਂ ਗੁਆ ਰਹੇ ਹਨ ਅਤੇ ਇਮੀਗ੍ਰੇਸ਼ਨ ਅਧਿਕਾਰੀਆਂ ਦੀਆਂ ਕਾਰਵਾਈਆਂ ਕਾਰਨ ਵੀ ਲੋਕ ਪ੍ਰੇਸ਼ਾਨ ਹਨ। ਅਜਿਹੇ ਹਾਲਾਤ ਵਿੱਚ ਲੋਕਾਂ ਲਈ ਕੰਮ ਕਰਨ ਦੀ ਤੁਰੰਤ ਲੋੜ ਹੈ।

ਨਿਊਯਾਰਕ ਤੋਂ ਡੈਮੋਕਰੈਟ ਆਗੂ ਅਲੈਗਜ਼ੈਂਡਰੀਆ ਓਕਾਸੀਓ-ਕੋਰਟੇਜ਼ ਨੇ ਇਸ ਜਿੱਤ ਨੂੰ ਦੇਸ਼ ਲਈ ਇਤਿਹਾਸਕ ਪਲ ਦੱਸਦਿਆਂ ਕਿਹਾ ਕਿ ਇਹ ਨਤੀਜੇ ਤਬਦੀਲੀ ਲਿਆਉਣ ਦਾ ਲੋਕਾਂ ਵੱਲੋਂ ਦਿੱਤਾ ਫ਼ਤਵਾ ਹਨ।

ਹਕੀਮ ਜੈਫਰੀਜ਼ ਤਿੰਨ ਜਨਵਰੀ 2027 ਨੂੰ ਪ੍ਰਤੀਨਿਧੀ ਸਭਾ ਦੇ ਸਪੀਕਰ ਚੁਣੇ ਜਾਣ ਦੀ ਸਥਿਤੀ ਵਿੱਚ ਇਸ ਅਹੁਦੇ 'ਤੇ ਪਹੁੰਚਣ ਵਾਲੇ ਪਹਿਲੇ ਸਿਆਹਫਾਮ ਆਗੂ ਹੋਣਗੇ। ਮੌਜੂਦਾ ਸਪੀਕਰ ਮਾਈਕ ਜੌਹਨਸਨ ਨੂੰ ਪਿਛਲੇ ਦੋ ਸਾਲਾਂ ਦੌਰਾਨ ਰਿਪਬਲਿਕਨਾਂ ਦੇ ਮਾਮੂਲੀ ਬਹੁਮਤ ਕਾਰਨ ਸਦਨ ਦਾ ਕੰਮਕਾਜ ਚਲਾਉਣ ਵਿੱਚ ਮੁਸ਼ਕਲਾਂ ਆਈਆਂ ਸਨ। ਇਸ ਦੇ ਉਲਟ ਡੈਮੋਕਰੈਟਾਂ ਕੋਲ ਹੁਣ ਵੱਡਾ ਬਹੁਮਤ ਹੋਵੇਗਾ, ਜਿਸ ਨਾਲ ਉਨ੍ਹਾਂ ਨੂੰ ਆਪਣੇ ਫ਼ੈਸਲੇ ਲਾਗੂ ਕਰਵਾਉਣ ਵਿੱਚ ਵਧੇਰੇ ਸਹੂਲਤ ਮਿਲੇਗੀ। ਓਹਾਇਓ ਤੋਂ ਰਿਪਬਲਿਕਨ ਆਗੂ ਜਿਮ ਜੌਰਡਨ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਅਗਲੇ ਦੋ ਸਾਲਾਂ ਦੌਰਾਨ ਅਮਰੀਕੀ ਪਰਿਵਾਰਾਂ ਦੇ ਹਿੱਤਾਂ ਲਈ ਸੰਘਰਸ਼ ਕਰੇਗੀ ਅਤੇ ਮੁੜ ਸੱਤਾ ਹਾਸਲ ਕਰਨ ਦੀ ਕੋਸ਼ਿਸ਼ ਕਰੇਗੀ।

ਜਾਖੜ ਨੇ ਪੰਜਾਬ ਦੌਰੇ ਦੌਰਾਨ ਕੇਜਰੀਵਾਲ ਤੇ ਸਿਸੋਦੀਆ ਨੂੰ ਘੇਰਿਆ

ਪੰਜਾਬ ਭਾਜਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਅੱਜ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ 'ਤੇ ਨਿਸ਼ਾਨਾ ਸੇਧਿਆ ਅਤੇ ਪੁੱਛਿਆ ਕਿ ਕੀ ਸੰਵਿਧਾਨ ਚੋਣਾਂ ਜਿੱਤਣ ਲਈ ਸਾਰੇ ਹੱਥਕੰਡਿਆਂ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੰਦਾ ਹੈ। ਅੱਜ ਦਿੱਲੀ ਵਿੱਚ ਮੌਜੂਦ ਜਾਖੜ ਨੇ ਪੁੱਛਿਆ, "ਅੱਜ, ਜਦੋਂ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਸੰਵਿਧਾਨ ਦਿਵਸ ਮਨਾ ਰਹੇ ਹਨ, ਕੀ ਉਹ ਸਾਨੂੰ ਦੱਸ ਸਕਦੇ ਹਨ ਕਿ ਸੰਵਿਧਾਨ ਵਿੱਚ ਕਿੱਥੇ ਲਿਖਿਆ ਹੈ ਕਿ ਚੋਣਾਂ ਜਿੱਤਣ ਲਈ ਕਿਸੇ ਨੂੰ 'ਸਾਮ, ਦਾਮ, ਦੰਡ, ਭੇਦ, ਲੜਾਈ ਅਤੇ ਝੂਠ' ਦਾ ਸਹਾਰਾ ਲੈਣ ਦੀ ਇਜਾਜ਼ਤ ਹੈ?"

ਜਾਖੜ ਨੇ ਕਿਹਾ ਕਿ ਹੁਣ ਜਦੋਂ ਕੇਜਰੀਵਾਲ ਅਤੇ ਸਿਸੋਦੀਆ ਮੋਗਾ ਵਿੱਚ ਹਨ, ਤਾਂ ਕੀ ਉਹ ਖਾਲਿਸਤਾਨ ਕਮਾਂਡੋ ਫੋਰਸ ਦੇ ਉਸ ਕਥਿਤ ਸਮਰਥਕ ਨੂੰ ਵੀ ਪਾਰਟੀ ਵਿੱਚ ਸ਼ਾਮਲ ਕਰਨਗੇ ਜਿਸ ਦੇ ਘਰ ਕੇਜਰੀਵਾਲ 2017 ਵਿੱਚ ਠਹਿਰੇ ਸਨ?

ਉਨ੍ਹਾਂ ਸਵਾਲ ਕੀਤਾ ਕਿ, "ਕੀ ਉਹ ਉਸ ਨੂੰ ਵੀ ਗੈਂਗਸਟਰਾਂ ਅਤੇ ਅਪਰਾਧੀਆਂ ਦੀ ਉਸ 'ਫ਼ੌਜ' ਵਿੱਚ ਸ਼ਾਮਲ ਕਰਨਗੇ ਜਿਸ ਨੂੰ ਉਨ੍ਹਾਂ ਨੇ ਪੰਜਾਬ ਵਿੱਚ ਅਰਾਜਕਤਾ ਅਤੇ ਅਸ਼ਾਂਤੀ ਫੈਲਾਉਣ ਲਈ ਪਹਿਲਾਂ ਹੀ ਪਾਰਟੀ ਵਿੱਚ ਭਰਤੀ ਕੀਤਾ ਹੈ? ਪੰਜਾਬ ਦੇ ਲੋਕ ਹਰ ਰੋਜ਼ ਆਪਣੀਆਂ ਸੜਕਾਂ 'ਤੇ ਗੋਲੀਬਾਰੀ ਵਿੱਚ ਇਸ ਦੇ ਨਤੀਜੇ ਦੇਖਦੇ ਅਤੇ ਭੁਗਤਦੇ ਹਨ। ਜਦੋਂ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਅੱਜ ਸੰਵਿਧਾਨ ਦਿਵਸ ਮਨਾ ਰਹੇ ਹਨ, ਤਾਂ ਕੀ ਉਹ ਦੱਸ ਸਕਦੇ ਹਨ ਕਿ ਸੰਵਿਧਾਨ ਚੋਣਾਂ ਵਿੱਚ ਜਿੱਤ ਦਰਜ ਕਰਨ ਲਈ ਹਰ ਤਰ੍ਹਾਂ ਦੇ ਹੱਥਕੰਡੇ ਅਪਣਾਉਣ ਦੀ ਕਿੱਥੇ ਇਜਾਜ਼ਤ ਦਿੰਦਾ ਹੈ?"

ਗੁਰਦੁਆਰਾ ਓਨਟਾਰੀਓ ਖਾਲਸਾ ਦਰਬਾਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ 557ਵਾਂ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ



ਮਿਸੀਸਾਗਾ (ਕੈਨੇਡਾ), 24 ਨਵੰਬਰ ਕੈਨੇਡਾ ਦੇ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਓਨਟਾਰੀਓ ਖਾਲਸਾ ਦਰਬਾਰ ਵਿਖੇ ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 557ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਗੁਰਮਤਿ ਸਮਾਗਮ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਏ ਗਏ। 24 ਨਵੰਬਰ 2026 ਨੂੰ ਸਜਾਏ ਗਏ ਇਨ੍ਹਾਂ ਸਮਾਗਮਾਂ ਵਿੱਚ ਸਿੱਖ ਪੰਥ ਦੇ ਪ੍ਰਸਿੱਧ ਰਾਗੀ, ਢਾਡੀ ਅਤੇ ਕਥਾਵਾਚਕ ਜਥਿਆਂ ਨੇ ਹਾਜ਼ਰੀ ਭਰ ਕੇ ਸੰਗਤਾਂ ਨੂੰ ਗੁਰਬਾਣੀ ਅਤੇ ਗੁਰ-ਇਤਿਹਾਸ ਨਾਲ ਜੋੜਿਆ।

ਸਮਾਗਮ ਦੀ ਸ਼ੁਰੂਆਤ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਭੁਪਿੰਦਰ ਸਿੰਘ ਅਤੇ ਹੋਰ ਗ੍ਰੰਥੀ ਸਿੰਘਾਂ ਵੱਲੋਂ ਆਰੰਭੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਉਪਰੰਤ ਸਾਰਾ ਦਿਨ ਵਿਸ਼ੇਸ਼ ਕੀਰਤਨ ਦਰਬਾਰ ਸਜਾਏ ਗਏ। ਸਟੇਜ ਸਕੱਤਰ ਦੀ ਸੇਵਾ ਨਿਭਾਉਂਦਿਆਂ ਗੁਰੂ ਘਰ ਦੇ ਮੁੱਖ ਸਕੱਤਰ ਭਾਈ ਪਰਮਜੀਤ ਸਿੰਘ ਗਿੱਲ ਅਤੇ ਸਹਾਇਕ ਸਕੱਤਰ ਭਾਈ ਸਰਬਜੀਤ ਸਿੰਘ ਸੈਣੀ ਨੇ ਸਮੂਹ ਸੰਗਤਾਂ ਨੂੰ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ। ਉਨ੍ਹਾਂ ਸੰਗਤਾਂ ਨੂੰ ਗੁਰੂ ਸਾਹਿਬ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਤ ਕਰਦਿਆਂ ਦੱਸਿਆ ਕਿ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਰਾਹੀਂ ਸਮੁੱਚੀ ਮਨੁੱਖਤਾ ਨੂੰ 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ' ਦਾ ਉਪਦੇਸ਼ ਦਿੱਤਾ ਅਤੇ ਵਹਿਮਾਂ-ਭਰਮਾਂ ਤੋਂ ਕੱਢ ਕੇ ਏਕਤਾ ਤੇ ਬਰਾਬਰੀ ਦਾ ਮਾਰਗ ਦਿਖਾਇਆ। ਇਸ ਮੌਕੇ ਉਨ੍ਹਾਂ ਸਮੂਹ ਸੰਗਤ ਨੂੰ ਬੰਦੀ ਸਿੰਘਾਂ ਦੀ ਰਿਹਾਈ ਲਈ ਸਾਂਝਾ ਹੰਭਲਾ ਮਾਰਨ ਦੀ ਅਪੀਲ ਵੀ ਕੀਤੀ।

ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਹਰਪਾਲ ਸਿੰਘ ਨੇ ਸੰਗਤਾਂ ਨੂੰ 557ਵੇਂ ਪ੍ਰਕਾਸ਼ ਪੁਰਬ ਦੀਆਂ ਮੁਬਾਰਕਾਂ ਦਿੰਦਿਆਂ ਕਿਹਾ ਕਿ ਅਜੋਕੇ ਸਮੇਂ ਵਿੱਚ ਸਮਾਜ ਅੰਦਰ ਅਮਨ, ਸ਼ਾਂਤੀ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਸੱਚ, ਸੇਵਾ, ਸਿਮਰਨ ਅਤੇ ਸਰਬੱਤ ਦੇ ਭਲੇ ਦੇ ਸਿਧਾਂਤਾਂ ਨੂੰ ਜੀਵਨ ਵਿੱਚ ਅਪਣਾਉਣ ਦੀ ਵੱਡੀ ਲੋੜ ਹੈ। ਉਨ੍ਹਾਂ ਗੁਰਦੁਆਰਾ ਸਿੰਘ ਸਭਾ ਸਰੀ (ਬੀ.ਸੀ.), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਉਨ੍ਹਾਂ ਸਮੂਹ ਸਿੰਘਾਂ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਸਰੀ ਤੋਂ ਬੜੇ ਸਤਿਕਾਰ ਸਹਿਤ ਲੈ ਕੇ ਆਉਣ ਦੀ ਸੇਵਾ ਨਿਭਾਈ।

ਸਮਾਗਮ ਦੌਰਾਨ ਹਜ਼ੂਰੀ ਰਾਗੀ ਭਾਈ ਸ਼ਮਸ਼ੇਰ ਸਿੰਘ, ਭਾਈ ਗੁਰਵਿੰਦਰ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਕਰਨੈਲ ਸਿੰਘ, ਭਾਈ ਕੁਲਵਿੰਦਰ ਸਿੰਘ, ਭਾਈ ਬਲਜੀਤ ਸਿੰਘ, ਭਾਈ ਸੁੰਦਰ ਸਿੰਘ, ਭਾਈ ਸਤਨਾਮ ਸਿੰਘ ਊਧਮ ਸਿੰਘ, ਭਾਈ ਲਖਵੀਰ ਸਿੰਘ, ਭਾਈ ਮਨਜੋਤ ਸਿੰਘ, ਭਾਈ ਹਰਪਾਲ ਸਿੰਘ ਅਤੇ ਗੁਰੂ ਘਰ ਦੀ ਗੁਰਮਤਿ ਅਕੈਡਮੀ ਦੇ ਬੱਚਿਆਂ ਨੇ ਰਸਭਿੰਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸੇ ਤਰ੍ਹਾਂ ਭਾਈ ਨਿਸ਼ਾਨ ਸਿੰਘ ਨੇ ਕਥਾ ਵਿਚਾਰਾਂ ਅਤੇ ਗਿਆਨੀ ਅਮਨਦੀਪ ਸਿੰਘ ਭੁੱਲਾਰਾਈ ਨੇ ਗੁਰੂ ਸਾਹਿਬ ਦੇ ਜੀਵਨ ਨਾਲ ਸਬੰਧਤ ਢਾਡੀ ਵਾਰਾਂ ਸਰਵਣ ਕ

ਪੰਜਾਬ ਨੂੰ ਕੇਂਦਰੀ ਪੂਲ 'ਚ ਪਾਉਣੇ ਪੈਣਗੇ ਖ਼ਰਬ ਡਾਲਰ: ਮਨਪ੍ਰੀਤ



ਭਾਜਪਾ ਦੇ ਕੌਮੀ ਮੀਤ ਪ੍ਰਧਾਨ ਅਤੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਅੱਜ ਕਿਹਾ ਕਿ ਪੰਜਾਬ ਅਤੇ ਪੰਜਾਬੀਆਂ ਦੀ ਦੇਸ਼ ਅੰਦਰ ਦਿੱਖ ਸੰਵਾਰਨ ਲਈ ਸੂਬੇ ਦੀ ਡਾਵਾਂਡੋਲ ਆਰਥਿਕ ਸਥਿਤੀ ਨੂੰ ਮੁੜ ਲੀਹ 'ਤੇ ਲਿਆਉਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ 'ਵਿਕਸਤ ਭਾਰਤ' ਦੇ ਟੀਚੇ ਦਾ ਹਿੱਸਾ ਬਣਨ ਅਤੇ ਭਾਜਪਾ ਦੀ ਲੰਮੇ ਸਮੇਂ ਦੀ ਨੀਤੀ ਤਹਿਤ ਪੰਜਾਬ ਨੂੰ ਅਗਲੇ 20 ਸਾਲਾਂ ਵਿੱਚ ਘੱਟੋ-ਘੱਟ ਇੱਕ ਖ਼ਰਬ ਡਾਲਰ ਦਾ ਹਿੱਸਾ ਕੇਂਦਰੀ ਪੂਲ ਵਿੱਚ ਪਾਉਣਾ ਪਵੇਗਾ। ਉਹ ਅੱਜ ਇੱਥੇ ਭਾਜਪਾ ਦੇ ਚੋਣ ਮੈਨੀਫੈਸਟੋ ਸਬੰਧੀ ਲੋਕਾਂ ਦੇ ਸੁਝਾਅ ਜਾਣਨ ਲਈ ਸੱਦੀ ਵਿਸ਼ੇਸ਼ ਬੈਠਕ ਨੂੰ ਸੰਬੋਧਨ ਕਰ ਰਹੇ ਸਨ।

ਮਨਪ੍ਰੀਤ ਬਾਦਲ ਨੇ ਐਲਾਨ ਕੀਤਾ ਕਿ ਇਸ ਵਾਰ ਹਰ ਵਿਧਾਨ ਸਭਾ ਹਲਕੇ ਦੀਆਂ ਲੋੜਾਂ ਮੁਤਾਬਕ ਵੱਖਰਾ ਚੋਣ ਮੈਨੀਫੈਸਟੋ ਤਿਆਰ ਕੀਤਾ ਜਾਵੇਗਾ ਅਤੇ ਸੂਬੇ ਵਿੱਚੋਂ ਨਸ਼ਿਆਂ ਤੇ ਗੈਂਗਸਟਰਵਾਦ ਦਾ ਖ਼ਾਤਮਾ ਕਰਨਾ ਭਾਜਪਾ ਦੀ ਪਹਿਲੀ ਤਰਜੀਹ ਹੋਵੇਗੀ। ਉਨ੍ਹਾਂ ਕਿਹਾ ਕਿ ਜੇ ਉੱਤਰ ਪ੍ਰਦੇਸ਼ ਵਿਕਾਸ ਦੀ ਪਟੜੀ 'ਤੇ ਚੜ੍ਹ ਸਕਦਾ ਹੈ ਤਾਂ ਪੰਜਾਬ ਕਿਉਂ ਨਹੀਂ? ਉਨ੍ਹਾਂ ਪੰਜਾਬ ਦੀ ਨੌਜਵਾਨੀ ਰੂਪੀ 'ਮਨੁੱਖੀ ਪੂੰਜੀ' ਸੰਭਾਲਣ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਆਜ਼ਾਦੀ ਤੋਂ ਬਾਅਦ ਭਾਰਤੀ ਫ਼ੌਜ ਵੱਲੋਂ ਜਿੱਤੇ ਅੱਧੇ ਤਗ਼ਮੇ ਇਕੱਲੇ ਪੰਜਾਬ ਦੇ ਹਿੱਸੇ ਆਏ ਹਨ। ਇਸੇ ਕਰਕੇ ਦੇਸ਼ ਵਿਰੋਧੀ ਤਾਕਤਾਂ ਵੱਲੋਂ ਪੰਜਾਬ ਨੂੰ ਕਮਜ਼ੋਰ ਕਰਨ ਲਈ ਇੱਥੇ ਨਸ਼ੇ ਅਤੇ ਗੈਂਗਸਟਰ ਪੈਦਾ ਕੀਤੇ ਗਏ।

ਉਨ੍ਹਾਂ ਕਿਹਾ ਕਿ ਭਾਜਪਾ ਦਾ ਅਸਲ ਮੁਕਾਬਲਾ 'ਆਪ' ਜਾਂ ਕਾਂਗਰਸ ਨਾਲ ਨਹੀਂ, ਸਗੋਂ ਵਿਸ਼ਵ ਪੱਧਰ 'ਤੇ ਭਾਰਤ ਨੂੰ ਰੂਸ, ਚੀਨ ਅਤੇ ਤੁਰਕੀ ਵਰਗੇ ਮੁਲਕਾਂ ਦੇ ਬਰਾਬਰ ਖੜ੍ਹਾ ਕਰਨਾ ਹੈ, ਜਿਸ ਲਈ ਮਿਆਰੀ ਸਿੱਖਿਆ, ਕਾਰੋਬਾਰ ਅਤੇ ਕਾਬਲੀਅਤ ਦੀ ਲੋੜ ਹੈ। ਉਨ੍ਹਾਂ ਆਉਂਦੀਆਂ ਚੋਣਾਂ ਵਿੱਚ ਭਾਜਪਾ-ਅਕਾਲੀ ਦਲ ਗੱਠਜੋੜ ਨੂੰ ਮੌਕਾ ਦੇਣ ਦੀ ਅਪੀਲ ਵੀ ਕੀਤੀ। ਇਸ ਮੌਕੇ ਪਰਮਪਾਲ ਕੌਰ ਮਲੂਕਾ, ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਭੰਗੇਵਾਲਾ, ਸਾਬਕਾ ਵਿਧਾਇਕ ਭਾਈ ਹਰਨਿਰਪਾਲ ਸਿੰਘ ਕੁੱਕੂ, ਅਰਵਿੰਦ ਪਠੇਲਾ, ਪੁਸ਼ਪਿੰਦਰ ਭੰਡਾਰੀ, ਰਜੇਸ਼ ਗੋਰਾ ਪਠੇਲਾ, ਵਪਾਰ ਮੰਡਲ ਦੇ ਪ੍ਰਧਾਨ ਇੰਦਰਜੀਤ ਬਾਂਸਲ ਅਤੇ ਮਨੋਹਰ ਸਿੰਘ ਸਮੇਤ ਕਈ ਆਗੂ ਤੇ ਸ਼ਹਿਰੀ ਹਾਜ਼ਰ ਸਨ।

ਮੋਗਾ ਰੈਲੀ ਲਈ ਬਠਿੰਡਾ ਤੋਂ ਲਗਪਗ 200 ਬੱਸਾਂ ਰਵਾਨਾ: ਲੰਮੇ ਰੂਟਾਂ ਦੇ ਮੁਸਾਫ਼ਰ ਖੱਜਲ-ਖੁਆਰ



ਆਮ ਆਦਮੀ ਪਾਰਟੀ ਵੱਲੋਂ ਮੋਗਾ ਵਿਖੇ ਕੀਤੀ ਜਾ ਰਹੀ ਵੱਡੀ ਪੰਜਾਬ ਪੱਧਰੀ ਰੈਲੀ ਦਾ ਅਸਰ ਬਠਿੰਡਾ ਦੀ ਬੱਸ ਆਵਾਜਾਈ 'ਤੇ ਵੀ ਦੇਖਣ ਨੂੰ ਮਿਲ ਰਿਹਾ ਹੈ। ਜਾਣਕਾਰੀ ਅਨੁਸਾਰ ਰੈਲੀ ਵਿੱਚ ਵਰਕਰਾਂ ਅਤੇ ਸਮਰਥਕਾਂ ਨੂੰ ਲਿਜਾਣ ਲਈ ਬਠਿੰਡਾ ਤੋਂ ਪੀਆਰਟੀਸੀ ਅਤੇ ਕਿਲੋਮੀਟਰ ਸਕੀਮ, ਨਿੱਜੀ ਮਿੰਨੀ ਬੱਸਾਂ ਦੀਆਂ ਤਕਰੀਬਨ 200 ਬੱਸਾਂ ਰਵਾਨਾ ਕੀਤੇ ਜਾਣ ਕਾਰਨ ਆਮ ਯਾਤਰੀਆਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਅੱਡਿਆਂ 'ਤੇ ਮੁਸਾਫ਼ਰ ਲੰਮੇ ਸਮੇਂ ਤੋਂ ਬੱਸਾਂ ਦੀ ਉਡੀਕ ਕਰਦੇ ਨਜ਼ਰ ਆਏ।

ਬਠਿੰਡਾ ਵਿੱਚ ਪੀਆਰਟੀਸੀ ਦੇ ਸੂਤਰਾਂ ਨੇ ਦੱਸਿਆ ਬਠਿੰਡਾ ਤੋਂ ਰਿਸ਼ੀਕੇਸ਼, ਹਰਿਦੁਆਰ, ਦੇਹਰਾਦੂਨ ਵਰਗੇ ਧਾਰਮਿਕ ਸਥਾਨਾਂ ਤੋਂ ਇਲਾਵਾ ਚੰਡੀਗੜ੍ਹ, ਸ਼ਿਮਲਾ ਅਤੇ ਹੋਰਨਾਂ ਅੰਤਰਰਾਜੀ ਰੂਟਾਂ ਲਈ ਰਵਾਨਾ ਹੋਣ ਵਾਲੇ ਮੁਸਾਫ਼ਰਾਂ ਨੂੰ ਬੱਸਾਂ ਦੀ ਘਾਟ ਕਾਰਨ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਇਲਾਵਾ ਜੰਮੂ-ਕਟੜਾ, ਧਰਮਸ਼ਾਲਾ ਅਤੇ ਬੜੂ ਸਾਹਿਬ ਸਮੇਤ ਕਈ ਮਹੱਤਵਪੂਰਨ ਰੂਟਾਂ ਦੀਆਂ ਬੱਸਾਂ ਵੀ ਰੈਲੀ ਲਈ ਭੇਜੇ ਜਾਣ ਦੀ ਜਾਣਕਾਰੀ ਸਾਹਮਣੇ ਆਈ ਹੈ।

ਪੀਆਰਟੀਸੀ ਦੇ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਬਠਿੰਡਾ ਤੋਂ ਵੱਖ-ਵੱਖ ਲੰਬੀ ਦੂਰੀ ਵਾਲੇ ਰੂਟਾਂ 'ਤੇ ਚੱਲਣ ਵਾਲੀਆਂ ਬੱਸਾਂ ਨੂੰ ਵੀ ਮੋਗਾ ਰੈਲੀ ਲਈ ਰਵਾਨਾ ਕੀਤਾ ਗਿਆ। ਇਸ ਕਾਰਨ ਸਵੇਰ ਸਮੇਂ ਆਪਣੇ ਨਿਰਧਾਰਤ ਸਮੇਂ 'ਤੇ ਸਫ਼ਰ ਕਰਨ ਦੀ ਯੋਜਨਾ ਬਣਾ ਕੇ ਬੱਸ ਅੱਡੇ ਪਹੁੰਚੇ ਯਾਤਰੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਕਈ ਮੁਸਾਫ਼ਰਾਂ ਨੂੰ ਆਪਣੀ ਯਾਤਰਾ ਵਿੱਚ ਦੇਰੀ ਕਰਨੀ ਪਈ, ਜਦਕਿ ਕੁਝ ਯਾਤਰੀਆਂ ਨੂੰ ਹੋਰ ਸਾਧਨਾਂ ਦਾ ਸਹਾਰਾ ਲੈਣਾ ਪਿਆ।

ਪੀਆਰਟੀਸੀ ਪਨਬੱਸ ਕਟਰੈਕਟ ਵਰਕ ਯੂਨੀਅਨ ਦੇ ਪ੍ਰਧਾਨ ਸਰਬਜੀਤ ਸਿੰਘ ਭੁੱਲਰ ਨੇ ਕਿਹਾ ਕਿ ਬਠਿੰਡਾ ਡੀਪੂ ਵਿੱਚੋਂ 132 ਬੱਸਾਂ ਦਾ ਕਾਫਲਾ ਮੋਗਾ ਰੈਲੀ ਲਈ ਰਵਾਨਾ ਹੋਇਆ। ਜਿਸ ਕਾਰਨ ਬਠਿੰਡਾ ਡੀਪੂ ਨੂੰ ਤਕਰੀਬਨ 33 ਲੱਖ ਰੁਪਏ ਦਾ ਨੁਕਸਾਨ ਹੋਵੇਗਾ।

ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਵੱਲੋਂ ਅੱਜ ਮੋਗਾ ਵਿਖੇ ਵੱਡੀ ਪੰਜਾਬ ਪੱਧਰੀ ਰੈਲੀ ਕੀਤੀ ਜਾ ਰਹੀ ਹੈ। ਇਸ ਰੈਲੀ ਵਿੱਚ ਪਾਰਟੀ ਦੀ ਦਿੱਲੀ ਲੀਡਰਸ਼ਿਪ ਸਮੇਤ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਪਹੁੰਚ ਰਹੇ ਹਨ। ਰੈਲੀ ਵਿੱਚ ਵੱਡੀ ਗਿਣਤੀ ਵਿੱਚ ਪਾਰਟੀ ਵਰਕਰਾਂ ਅਤੇ ਸਮਰਥਕਾਂ ਦੇ ਸ਼ਾਮਲ ਹੋਣ ਦੀ ਸੰਭਾਵਨਾ ਦੇ ਮੱਦੇਨਜ਼ਰ ਵੱਖ-ਵੱਖ ਇਲਾਕਿਆਂ ਤੋਂ ਬੱਸਾਂ ਦਾ ਪ੍ਰਬੰਧ ਕੀਤਾ ਗਿਆ ਹੈ।

ਵਿਧਾਇਕ ਇਯਾਲੀ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਗੁਰੂ ਨਾਨਕ ਦੇਵ ਜੀ ਦੇ 557ਵੇਂ ਪ੍ਰਕਾਸ਼ ਪੁਰਬ ਮੌਕੇ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਖੋਲਣ ਦੀ ਕੀਤੀ ਮੰਗ



ਚੰਡੀਗੜ੍ਹ, (ਕੁਲਵਿੰਦਰ ਸਿੰਘ ਚੰਦੀ) ਅਕਾਲੀ ਦਲ 'ਵਾਰਿਸ ਪੰਜਾਬ ਦੇ' ਦੇ ਸੀਨੀਅਰ ਆਗੂ ਅਤੇ ਵਿਧਾਇਕ ਸਰਦਾਰ ਮਨਪ੍ਰੀਤ ਸਿੰਘ ਇਯਾਲੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 557ਵੇਂ ਪ੍ਰਕਾਸ਼ ਪੁਰਬ ਦੇ ਪਵਿੱਤਰ ਮੌਕੇ 'ਤੇ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਖੋਲ੍ਹਣ ਦੀ ਮੰਗ ਕਰਦਿਆਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਿਆ ਹੈ। ਇਯਾਲੀ ਨੇ ਕਿਹਾ ਕਿ ਸ੍ਰੀ ਕਰਤਾਰਪੁਰ ਸਾਹਿਬ ਸਿੱਖ ਕੌਮ ਲਈ ਸਿਰਫ਼ ਇੱਕ ਧਾਰਮਿਕ ਅਸਥਾਨ ਨਹੀਂ, ਸਗੋਂ ਸਾਡੀ ਆਸਥਾ, ਵਿਰਾਸਤ ਅਤੇ ਰੂਹਾਨੀ ਸਾਂਝ ਦਾ ਕੇਂਦਰ ਹੈ। ਲਾਂਘਾ ਬੰਦ ਹੋਣ ਕਾਰਨ ਲੱਖਾਂ ਸ਼ਰਧਾਲੂ ਆਪਣੇ ਗੁਰੂ ਸਾਹਿਬ ਦੀ ਚਰਨਛੋਹ ਪ੍ਰਾਪਤ ਪਵਿੱਤਰ ਧਰਤੀ ਦੇ ਖੁੱਲ੍ਹੇ ਦਰਸ਼ਨਾਂ ਤੋਂ ਵਾਂਝੇ ਹਨ, ਜਿਸ ਨਾਲ ਸਿੱਖ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਨੂੰ ਗਹਿਰੀ ਠੇਸ ਪਹੁੰਚ ਰਹੀ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ 557ਵੇਂ ਪ੍ਰਕਾਸ਼ ਪੁਰਬ ਨੂੰ ਯਾਦਗਾਰੀ ਬਣਾਉਣ ਲਈ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਤੁਰੰਤ ਮੁੜ ਖੋਲ੍ਹਣ ਵਾਸਤੇ ਪਹਿਲਕਦਮੀ ਕੀਤੀ ਜਾਵੇ। ਇਸ ਦੇ ਨਾਲ ਹੀ ਯਾਤਰਾ ਅਤੇ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਸਰਲ ਬਣਾਉਣ ਲਈ ਲੋੜੀਂਦੇ ਕੂਟਨੀਤਕ ਅਤੇ ਪ੍ਰਸ਼ਾਸਨਿਕ ਯਤਨ ਕੀਤੇ ਜਾਣ। ਸਰਦਾਰ ਇਯਾਲੀ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਸਮੁੱਚੀ ਮਨੁੱਖਤਾ ਨੂੰ ਪਿਆਰ, ਬਰਾਬਰਤਾ, ਸਰਬਸਾਂਝੀਵਾਲਤਾ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਦਿੱਤਾ ਹੈ। ਇਸ ਲਈ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਲਾਂਘਾ ਮੁੜ ਖੋਲ੍ਹਣ ਦਾ ਫੈਸਲਾ ਸਿੱਖ ਕੌਮ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨ ਦੇ ਨਾਲ-ਨਾਲ ਮਨੁੱਖਤਾ ਅਤੇ ਸਾਂਝੀਵਾਲਤਾ ਦੀਆਂ ਕਦਰਾਂ-ਕੀਮਤਾਂ ਨੂੰ ਵੀ ਮਜ਼ਬੂਤ ਕਰੇਗਾ।

ਖੁੱਡੀਆਂ ਪਰਿਵਾਰ ਇਕਜੁੱਟ ਹੋ ਕੇ ਧੀਰਾ ਖੁੱਡੀਆਂ ਦੀ ਚੋਣ ਮੁਹਿੰਮ ਨੂੰ ਦੇਵੇਗਾ ਮਜ਼ਬੂਤੀ: ਗੁਰਮੀਤ ਸਿੰਘ ਖੁੱਡੀਆਂ



ਲੰਬੀ, 20 ਨਵੰਬਰ 2026: ਆਮ ਆਦਮੀ ਪਾਰਟੀ ਵੱਲੋਂ ਪੰਜਾਬ ਕਨਵੀਨਰ ਦੇ ਚੇਅਰਮੈਨ ਰਣਧੀਰ ਸਿੰਘ ਧੀਰਾ ਖੁੱਡੀਆਂ ਨੂੰ ਲੰਬੀ ਹਲਕੇ ਤੋਂ ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਉਨ੍ਹਾਂ ਵੱਲੋਂ ਗੁਰਦੁਆਰਾ ਸ੍ਰੀ ਥੇੜੀ ਸਾਹਿਬ ਵਿਖੇ ਨਤਮਸਤਕ ਹੋ ਕੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ ਗਿਆ ਅਤੇ ਆਪਣੀ ਚੋਣ ਮੁਹਿੰਮ ਦਾ ਆਗਾਜ਼ ਕੀਤਾ ਗਿਆ। ਇਸ ਮੌਕੇ ਪੰਜਾਬ ਦੇ ਖੇਤੀਬਾੜੀ ਮੰਤਰੀ ਸਰਦਾਰ ਗੁਰਮੀਤ ਸਿੰਘ ਖੁੱਡੀਆਂ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਧੀਰਾ ਖੁੱਡੀਆਂ ਨੂੰ ਨਵੀਂ ਜ਼ਿੰਮੇਵਾਰੀ ਮਿਲਣ 'ਤੇ ਵਧਾਈ ਦਿੰਦਿਆਂ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਉਨ੍ਹਾਂ ਕਿਹਾ ਕਿ ਖੁੱਡੀਆਂ ਪਰਿਵਾਰ ਪੂਰੀ ਤਰ੍ਹਾਂ ਇਕਜੁੱਟ ਹੈ ਅਤੇ ਪਰਿਵਾਰ ਵੱਲੋਂ ਧੀਰਾ ਖੁੱਡੀਆਂ ਦੀ ਹਰ ਪੱਖੋਂ ਮਦਦ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਲੰਬੀ ਹਲਕੇ ਦੇ ਲੋਕਾਂ ਨੇ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਮੁਕਾਬਲੇ ਉਨ੍ਹਾਂ ਨੂੰ ਵੱਡੀ ਜਿੱਤ ਦਿਵਾਈ ਸੀ, ਉਸੇ ਤਰ੍ਹਾਂ ਇਸ ਵਾਰ ਵੀ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਲੰਬੀ ਹਲਕੇ ਦੇ ਲੋਕ ਆਪਣਾ ਪਿਆਰ ਅਤੇ ਸਮਰਥਨ ਦਿੰਦਿਆਂ ਜਿੱਤ ਦਾ ਤੋਹਫ਼ਾ ਉਨ੍ਹਾਂ ਦੇ ਭਤੀਜੇ ਧੀਰਾ ਖੁੱਡੀਆਂ ਦੀ ਝੋਲੀ ਪਾਉਣਗੇ। ਉਨ੍ਹਾਂ ਦੱਸਿਆ ਕਿ ਜਦੋਂ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਵੱਲੋਂ ਧੀਰਾ ਖੁੱਡੀਆਂ ਨੂੰ ਲੰਬੀ ਹਲਕੇ ਤੋਂ ਉਮੀਦਵਾਰ ਬਣਾਉਣ ਸਬੰਧੀ ਉਨ੍ਹਾਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਸੀ ਕਿ ਅਸੀਂ ਇੱਕੋ ਪਰਿਵਾਰ ਹਾਂ ਅਤੇ ਉਹ ਹਰ ਤਰੀਕੇ ਨਾਲ ਧੀਰਾ ਖੁੱਡੀਆਂ ਦੀ ਮਦਦ ਕਰਨਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਪਾਰਟੀ ਨੇ ਉਨ੍ਹਾਂ ਦੇ ਭਤੀਜੇ ਨੂੰ ਲੰਬੀ ਹਲਕੇ ਤੋਂ ਉਮੀਦਵਾਰ ਬਣਾਇਆ ਹੈ। ਇਸ ਮੌਕੇ ਚੇਅਰਮੈਨ ਰਣਧੀਰ ਸਿੰਘ ਧੀਰਾ ਖੁੱਡੀਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀ ਸਮੁੱਚੀ ਹਾਈਕਮਾਨ ਅਤੇ ਪਾਰਟੀ ਲੀਡਰਸ਼ਿਪ ਦੇ ਦਿਲੋਂ ਧੰਨਵਾਦੀ ਹਨ, ਜਿਨ੍ਹਾਂ ਨੇ ਉਨ੍ਹਾਂ 'ਤੇ ਭਰੋਸਾ ਜਤਾਉਂਦਿਆਂ ਲੰਬੀ ਹਲਕੇ ਦੀ ਸੇਵਾ ਕਰਨ ਦੀ ਜ਼ਿੰਮੇਵਾਰੀ ਸੌਂਪੀ ਹੈ। ਉਨ੍ਹਾਂ ਕਿਹਾ ਕਿ ਉਹ ਪਰਮਾਤਮਾ ਦਾ ਸ਼ੁਕਰਾਨਾ ਕਰਦੇ ਹਨ ਅਤੇ ਪਾਰਟੀ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ, ਮਿਹਨਤ ਅਤੇ ਸਮਰਪਣ ਨਾਲ ਨਿਭਾਉਣਗੇ। ਉਨ੍ਹਾਂ ਅੱਗੇ ਕਿਹਾ ਕਿ ਲੰਬੀ ਹਲਕੇ ਦੇ ਲੋਕਾਂ ਦਾ ਪਿਆਰ ਅਤੇ ਸਹਿਯੋਗ ਹੀ ਉਨ੍ਹਾਂ ਦੀ ਸਭ ਤੋਂ ਵੱਡੀ ਤਾਕਤ ਹੈ। ਉਨ੍ਹਾਂ ਸਮਾਗਮ ਵਿੱਚ ਪਹੁੰਚੀ ਸੰਗਤ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਚੋਣ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਸਮਾਗਮ ਵਿੱਚ ਲੰਬੀ ਹਲਕੇ ਦੇ ਵੱਖ-ਵੱਖ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਮੂਲੀਅਤ ਕੀਤੀ। ਇਸ ਦੌਰਾਨ ਕਈ ਪਿੰਡਾਂ ਵਿੱਚ ਰੋਡ ਸ਼ੋਅ ਵੀ ਕੱਢਿਆ ਗਿਆ, ਜਿੱਥੇ ਲੋਕਾਂ ਵੱਲੋਂ ਉਤਸ਼ਾਹ ਨਾਲ ਸਵਾਗਤ ਕੀਤਾ ਗਿਆ। ਸਮਰਥਕਾਂ ਨੇ ਲੱਡੂ ਵੰਡ ਕੇ ਅਤੇ ਇੱਕ-ਦੂਜੇ ਦਾ ਮੂੰਹ ਮਿੱਠਾ ਕਰਵਾ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ। ਸਮੁੱਚੇ ਸਮਾਗਮ ਦੌਰਾਨ ਵਰਕਰਾਂ ਅਤੇ ਸਮਰਥਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੌਕੇ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਫਰਜੰਦ ਅਮੀਤ ਖੁੱਡੀਆਂ, ਜੋ ਕੁਝ ਰੁਝੇਵਿਆਂ ਕਾਰਨ ਸਮਾਗਮ ਵਿੱਚ ਸ਼ਾਮਲ ਨਹੀਂ ਹੋ ਸਕੇ, ਵੱਲੋਂ ਵੀ ਆਪਣਾ ਸੰਦੇਸ਼ ਦਿੱਤਾ ਗਿਆ। ਉਨ੍ਹਾਂ ਲੰਬੀ ਹਲਕੇ ਦੇ ਵੋਟਰਾਂ ਸਪੋਟਰਾਂ ਅਤੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਵੱਡੇ ਭਰਾ ਰਣਧੀਰ ਸਿੰਘ ਧੀਰਾ ਖੁੱਡੀਆਂ ਦੀ ਚੋਣ ਮੁਹਿੰਮ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਅਤੇ ਉਨ੍ਹਾਂ ਨੂੰ ਮਜ਼ਬੂਤੀ ਪ੍ਰਦਾਨ ਕਰਨ। ਉਨ੍ਹਾਂ ਕਿਹਾ ਕਿ ਉਹ ਆਪਣੇ ਆਪ ਨੂੰ ਬਹੁਤ ਭਾਗਾਂ ਵਾਲੇ ਸਮਝਦੇ ਹਨ ਕਿ ਉਨ੍ਹਾਂ ਨੂੰ ਆਪਣੇ ਵੱਡੇ ਭਰਾ ਸਰਦਾਰ ਰਣਧੀਰ ਸਿੰਘ ਧੀਰਾ ਖੁੱਡੀਆਂ ਦੀ ਚੋਣ ਮੁਹਿੰਮ ਦਾ ਹਿੱਸਾ ਬਣਨ ਅਤੇ ਉਨ੍ਹਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਚੱਲਣ ਦਾ ਮੌਕਾ ਮਿਲੇਗਾ। ਇਸ ਮੌਕੇ ਪੰਜਾਬ ਕੋਆਪਰੇਟਿਵ ਬੈਂਕ ਦੇ ਚੇਅਰਮੈਨ ਜਗਦੇਵ ਸਿੰਘ ਬਾਮ, ਪਲੈਨਿੰਗ ਬੋਰਡ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਸੁਖਜਿੰਦਰ ਸਿੰਘ ਕੋਠੀ, ਮਾਰਕੀਟ ਕਮੇਟੀ ਮੰਡੀ ਕਿਲਿਆਂਵਾਲੀ ਦੇ ਚੇਅਰਮੈਨ ਗੁਰਬਾਜ ਸਿੰਘ ਬਣਵਾਲਾ, ਬਲਾਕ ਪ੍ਰਧਾਨ ਸ਼ਿਵਰਾਜ ਮਿਠੜੀ, ਚੇਅਰਮੈਨ ਹਰਪ੍ਰੀਤ ਸਿੰਘ ਮਾਨ ਕਰਮਗੜ੍ਹ, ਬਲਾਕ ਪ੍ਰਧਾਨ ਜਸਬੀਰ ਸਿੰਘ, ਬਲਾਕ ਪ੍ਰਧਾਨ ਗੁਰਚਰਨ ਸਿੰਘ ਚਾਨਾ, ਬਲਾਕ ਪ੍ਰਧਾਨ ਬਲਵੀਰ ਮਹਿਣਾ, ਬਲਾਕ ਪ੍ਰਧਾਨ ਸਰਬਜੀਤ ਸਿੰਘ, ਬਲਾਕ ਪ੍ਰਧਾਨ ਲਾਲੀ ਕਰਮਗੜ੍ਹ, ਹਰਕੇਵਲ ਸਿੰਘ ਧਾਲੀਵਾਲ ਤੋਂ ਇਲਾਵਾ ਪਾਰਟੀ ਦੇ ਲੋਕਾਂ ਦੇ ਵੱਖ ਵੱਖ ਵਿੰਗਾਂ ਦੇ ਆਹੁਦੇਦਾਰ,ਪਿੰਡਾਂ ਦੇ ਸ

ਪੰਜਾਬ ਸਟਾਰ

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

ਬੁੱਧ ਬਾਣ

ਆਖ਼ਿਰ ਨੂੰ ਭਾਣਾ ਵਰਤ ਗਿਆ !



ਬੁੱਧ ਸਿੰਘ ਨੀਲੋਂ
94643 70823

ਇਹ ਤਾਂ ਪੰਜਾਬ ਦੇ ਸੁਚੇਤ ਲੋਕਾਂ ਨੂੰ ਪਤਾ ਸੀ, ਚੋਣਾਂ ਵੇਲੇ ਅਕਾਲੀ ਭਾਜਪਾ ਦਾ ਗੱਠਜੋੜ ਹੋਵੇਗਾ। ਕਿਉਂਕਿ ਉਹਨਾਂ ਨੇ ਸਮਾਜਿਕ ਦੂਰੀਆਂ ਬਣਾਈਆਂ ਹੋਈਆਂ ਸਨ ਪਰ ਉਂਝ ਉਹਨਾਂ ਦੀ ਆਪਸ ਵਿੱਚ ਸਾਂਝ ਸੀ। ਲੋਕਾਂ ਨੂੰ ਮੂਰਖ ਬਣਾਉਣ ਲਈ ਉਹ ਇੱਕ ਦੂਜੇ ਦੇ ਖਿਲਾਫ਼ ਬਿਆਨਬਾਜ਼ੀ ਕਰਕੇ ਲੋਕਾਂ ਦੇ ਅੱਖੀਂ ਘੱਟਾ ਪਾਉਂਦੇ ਸਨ। ਪਰ ਹੁਣ ਲੋਕ ਪਹਿਲਾਂ ਵਰਗੇ ਨਹੀਂ। ਲੋਕਾਂ ਨੂੰ ਭਰਮਾਉਣਾ ਹੁਣ ਸੌਖਾ ਨਹੀਂ ਹੈ।

ਸਿਆਣੇ ਆਖਦੇ ਹਨ ਕਿ ਪਿਆਰ, ਜੰਗ ਤੇ ਸਿਆਸਤ ਵਿੱਚ ਕੋਈ ਦੀਨ-ਈਮਾਨ ਨਹੀਂ ਹੁੰਦਾ। ਇੱਥੇ ਨਾ ਦੁਸ਼ਮਣੀ ਸਦੀਵੀ ਹੁੰਦੀ ਹੈ ਤੇ ਨਾ ਹੀ ਮੁਹੱਬਤ। ਹਰ ਕੋਈ ਆਪਣੇ ਮੌਕੇ, ਲੋੜ ਤੇ ਸਵਾਰਥ ਅਨੁਸਾਰ ਪੈਂਤੜਾ ਬਦਲਦਾ ਹੈ। ਪਿਆਰ-ਮੁਹੱਬਤ ਵੀ ਕਈ ਵਾਰ ਉਦੋਂ ਤੱਕ ਹੀ ਨਿਭਦੀ ਹੈ, ਜਦੋਂ ਤੱਕ ਕੋਈ ਹੋਰ ਬਦਲ ਸਾਹਮਣੇ ਨਹੀਂ ਆ ਜਾਂਦਾ। ਬਦਲ ਮਿਲਦਿਆਂ ਹੀ ਵਾਅਦੇ, ਕਸਮਾਂ, ਸਹੁੰਆਂ ਤੇ ਸਾਂਝੇ ਸੁਪਨੇ ਹਵਾ ਹੋ ਜਾਂਦੇ ਹਨ। ਜਿਹੜੇ ਕੱਲ੍ਹ ਤੱਕ ਇਕੱਠੇ ਜੀਣ-ਮਰਨ ਦੀਆਂ ਗੱਲਾਂ ਕਰਦੇ ਸਨ, ਉਹ ਅੱਜ ਇੱਕ ਦੂਜੇ ਨੂੰ ਪਛਾਣਨ ਤੋਂ ਵੀ ਇਨਕਾਰ ਕਰ ਦਿੰਦੇ ਹਨ।

ਸਿਆਸਤ ਤਾਂ ਇਸ ਮਾਮਲੇ ਵਿੱਚ ਹੋਰ ਵੀ ਨਿਰਦਈ ਹੈ। ਇੱਥੇ ਸਿਧਾਂਤਾਂ ਦੀਆਂ ਗੱਲਾਂ ਅਕਸਰ ਸੱਤਾ ਦੀਆਂ ਪੌੜੀਆਂ ਚੜ੍ਹਨ ਲਈ ਕੀਤੀਆਂ ਜਾਂਦੀਆਂ ਹਨ। ਜਿਹੜੇ ਕੱਲ੍ਹ ਆਪਣੇ ਵਿਰੋਧੀਆਂ ਨੂੰ ਛੱਜ ਵਿੱਚ ਪਾ ਕੇ ਛੱਟਦੇ ਸਨ, ਅੱਜ ਉਨ੍ਹਾਂ ਦੀ ਸਿਫ਼ਤ ਕਰਦਿਆਂ ਮੂੰਹ ਨਹੀਂ ਸੁੱਕਦਾ। ਜਿਹੜੇ ਕੱਲ੍ਹ ਇੱਕ ਦੂਜੇ ਨੂੰ ਪੰਜਾਬ ਤੇ ਪੰਜਾਬੀਆਂ ਦੇ ਦੁਸ਼ਮਣ ਦੱਸਦੇ ਸਨ, ਅੱਜ ਇੱਕ ਦੂਜੇ ਦੇ ਗੁਣ ਗਾਉਂਦੇ ਫਿਰਦੇ ਹਨ। ਸਿਆਸਤ ਵਿੱਚ ਨਾ ਕੋਈ ਪੱਕਾ ਮਿੱਤਰ ਹੁੰਦਾ ਹੈ ਤੇ ਨਾ ਪੱਕਾ ਦੁਸ਼ਮਣ; ਪੱਕਾ ਹੁੰਦਾ ਹੈ ਤਾਂ ਸਿਰਫ਼ ਸੱਤਾ ਦਾ ਲਾਲਚ ਅਤੇ ਆਪਣਾ ਹਿੱਤ।

ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਭਾਜਪਾ ਦੇ ਪਿਛਲੇ ਬਿਆਨ, ਵੀਡੀਓਜ਼ ਤੇ ਅਖ਼ਬਾਰਾਂ ਦੀਆਂ ਸੁਰਖ਼ੀਆਂ ਦੇਖ ਲਓ। ਸੁਖਬੀਰ ਸਿੰਘ ਬਾਦਲ ਕਈ ਵਾਰ ਆਖਦਾ ਰਿਹਾ ਕਿ ਭਾਜਪਾ ਅਤੇ ਆਰਐੱਸਐੱਸ ਅਕਾਲੀ ਦਲ ਨੂੰ ਖ਼ਤਮ ਕਰਨ ਲਈ ਸਾਜ਼ਿਸ਼ਾਂ ਕਰ ਰਹੀਆਂ ਹਨ। ਉਸ ਦਾ ਦੋਸ਼ ਸੀ ਕਿ ਪੰਜਾਬ ਦੀ ਖੇਤਰੀ ਪਾਰਟੀ ਨੂੰ ਕਮਜ਼ੋਰ ਕਰਨ ਅਤੇ ਉਸ ਦੇ ਅੰਦਰ ਫੁੱਟ ਪਾਉਣ ਲਈ ਸੁਰਜੀਤ ਅਕਾਲੀ ਦਲ ਵਰਗੀਆਂ ਧਿਰਾਂ ਬਣਾਈਆਂ ਗਈਆਂ। ਭਾਜਪਾ ਪੰਜਾਬ ਦੀ ਖੇਤਰੀ ਸਿਆਸਤ ਨੂੰ ਖ਼ਤਮ ਕਰਨਾ ਚਾਹੁੰਦੀ ਹੈ। ਉਦੋਂ ਇਹ ਬਿਆਨ ਸਿਆਸੀ ਮੰਚਾਂ ਤੋਂ ਗੂੰਜਦੇ ਸਨ, ਮੀਡੀਆ ਵਿੱਚ ਛਪਦੇ ਸਨ ਅਤੇ ਪੰਜਾਬ ਦੇ ਲੋਕਾਂ ਨੂੰ ਸੁਣਾਏ ਜਾਂਦੇ ਸਨ।

ਜਦੋਂ ਦਿੱਲੀ ਦੀਆਂ ਸਰਹੱਦਾਂ 'ਤੇ ਕਿਸਾਨਾਂ ਅਤੇ ਮਜ਼ਦੂਰਾਂ ਦਾ ਇਤਿਹਾਸਕ ਅੰਦੋਲਨ ਚੱਲ ਰਿਹਾ ਸੀ, ਉਦੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਭਾਜਪਾ ਨਾਲੋਂ ਨਾਤਾ ਤੋੜਨ ਦਾ ਐਲਾਨ ਕੀਤਾ ਸੀ। ਇਹ ਫ਼ੈਸਲਾ ਕਿਸਾਨੀ ਰੋਹ, ਪੰਜਾਬ ਦੇ ਲੋਕਾਂ ਦੀ ਨਾਰਾਜ਼ਗੀ ਅਤੇ ਸਿਆਸੀ ਦਬਾਅ ਦੇ ਮਾਹੌਲ ਵਿੱਚ ਲਿਆ ਗਿਆ ਸੀ। ਉਸ ਵੇਲੇ ਅਕਾਲੀ ਦਲ ਨੇ ਆਪਣੇ ਆਪ ਨੂੰ ਕਿਸਾਨਾਂ ਦੇ ਹੱਕਾਂ ਨਾਲ ਖੜ੍ਹੀ ਧਿਰ ਵਜੋਂ ਪੇਸ਼ ਕੀਤਾ। ਪਰ ਸਿਆਸਤ ਦੇ ਪੈਂਤੜੇ ਕਿੰਨੇ ਕੁ ਪੱਕੇ ਹੁੰਦੇ ਹਨ, ਇਹ ਸਮਾਂ ਵਾਰ-ਵਾਰ ਸਾਬਤ ਕਰਦਾ ਹੈ।

ਹੁਣ ਸੰਯੁਕਤ ਕਿਸਾਨ ਮੋਰਚੇ ਦੀਆਂ ਦੋ ਭਾਈਵਾਲ ਜਥੇਬੰਦੀਆਂ ਵੱਲੋਂ ਕੁਝ ਦਿਨ ਪਹਿਲਾਂ ਅਕਾਲੀ ਦਲ ਬਾਦਲ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਗਿਆ ਹੈ। ਇਹ ਉਹੀ ਕਿਸਾਨੀ ਸੰਘਰਸ਼ ਦੀਆਂ ਧਿਰਾਂ ਹਨ, ਜਿਨ੍ਹਾਂ ਦੇ ਆਗੂ ਕਦੇ ਸਿਆਸੀ ਪਾਰਟੀਆਂ ਤੋਂ ਦੂਰੀ ਬਣਾਈ ਰੱਖਣ ਅਤੇ ਕਿਸਾਨੀ ਹੱਕਾਂ ਲਈ ਲੜਨ ਦੀਆਂ ਗੱਲਾਂ ਕਰਦੇ ਸਨ। ਹੁਣ ਸਿਆਸੀ ਹਮਾਇਤ ਦੇ ਐਲਾਨਾਂ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ।

ਜਿਹੜੀਆਂ ਧਿਰਾਂ ਕੱਲ੍ਹ ਤੱਕ ਸਿਆਸੀ ਪਾਰਟੀਆਂ ਦੇ ਮੰਚਾਂ ਤੋਂ ਦੂਰੀ ਬਣਾਉਣ ਦੀਆਂ ਗੱਲਾਂ ਕਰਦੀਆਂ ਸਨ, ਅੱਜ ਉਹੀ ਪਾਰਟੀਆਂ ਦੇ ਹੱਕ ਵਿੱਚ ਖੜ੍ਹੀਆਂ ਦਿਖਾਈ ਦੇ ਰਹੀਆਂ ਹਨ। ਸੱਤ ਸੌ ਦੇ ਕਰੀਬ ਕਿਸਾਨਾਂ ਦੀਆਂ ਸ਼ਹਾਦਤਾਂ, ਲੰਮਾ ਸੰਘਰਸ਼, ਹੰਝੂ, ਲਾਠੀਆਂ, ਜੇਲ੍ਹਾਂ, ਪਰਿਵਾਰਾਂ ਦੀਆਂ ਕੁਰਬਾਨੀਆਂ ਅਤੇ ਲੋਕਾਂ ਦੀਆਂ ਉਮੀਦਾਂ ਨੂੰ ਨਜ਼ਰਅੰਦਾਜ਼ ਕੀਤਾ ਹੈ। ਕੀ ਇਹ ਸਭ ਸਿਰਫ਼ ਚੋਣਾਂ ਦੇ ਮੌਸਮ ਵਿੱਚ ਯਾਦ ਕਰਨ ਵਾਲੀਆਂ ਚੀਜ਼ਾਂ ਰਹਿ ਗਈਆਂ ਹਨ?

ਕਿਸਾਨਾਂ ਦੀਆਂ ਸ਼ਹਾਦਤਾਂ ਕਿਸੇ ਇੱਕ ਪਾਰਟੀ ਦੀ ਜਾਇਦਾਦ ਨਹੀਂ ਸਨ। ਉਹ ਪੰਜਾਬ ਦੇ ਲੋਕਾਂ ਦੀ ਸਾਂਝੀ ਯਾਦ, ਸਾਂਝੇ ਸੰਘਰਸ਼ ਅਤੇ ਹੱਕਾਂ ਦੀ ਲੜਾਈ ਦਾ ਇਤਿਹਾਸ ਸਨ। ਜੇ ਅੱਜ ਉਨ੍ਹਾਂ ਸ਼ਹਾਦਤਾਂ ਨੂੰ ਸਿਆਸੀ ਲਾਭ ਲਈ ਪਿੱਛੇ ਧੱਕਿਆ ਜਾ ਰਿਹਾ ਹੈ, ਤਾਂ ਇਹ ਸਿਰਫ਼ ਪੈਂਤੜਾ ਬਦਲਣਾ ਨਹੀਂ, ਲੋਕਾਂ ਦੇ ਭਰੋਸੇ ਨਾਲ ਕੀਤਾ ਜਾ ਰਿਹਾ ਖਿਲਵਾੜ ਵੀ ਹੈ।

ਸਿਆਸੀ ਧਿਰਾਂ ਨੇ ਤਾਂ ਹਲਵੇ-ਮੰਡੇ ਛਕਣੇ ਹੀ ਹਨ। ਉਨ੍ਹਾਂ ਨੂੰ ਕੁਰਸੀਆਂ ਦੀ ਭੁੱਖ ਹੈ, ਕੁਰਸੀਆਂ ਲਈ ਉਹ ਕਿਸੇ ਵੀ ਦਰਵਾਜ਼ੇ 'ਤੇ ਦਸਤਕ ਦੇ ਸਕਦੀਆਂ ਹਨ। ਪਰ ਸਵਾਲ ਉਨ੍ਹਾਂ ਲੋਕਾਂ ਦਾ ਹੈ, ਜਿਹੜੇ ਆਪਣੇ ਹੱਕਾਂ ਲਈ ਸੜਕਾਂ 'ਤੇ ਆਏ, ਜਿਨ੍ਹਾਂ ਨੇ ਆਪਣਾ ਸਮਾਂ, ਮਿਹਨਤ, ਜਵਾਨੀ ਅਤੇ ਜਾਨਾਂ ਗਵਾਈਆਂ। ਸਵਾਲ ਉਨ੍ਹਾਂ ਕਿਸਾਨਾਂ, ਮਜ਼ਦੂਰਾਂ ਅਤੇ ਆਮ ਲੋਕਾਂ ਦਾ ਹੈ, ਜਿਹੜੇ ਹਰ ਵਾਰ ਕਿਸੇ ਨਵੇਂ ਨਾਅਰੇ, ਨਵੇਂ ਚਿਹਰੇ ਅਤੇ ਨਵੇਂ ਸਿਆਸੀ ਭਰੋਸੇ ਦੇ ਪਿੱਛੇ ਲੱਗ ਜਾਂਦੇ ਹਨ।

ਪੰਜਾਬ ਦੇ ਲੋਕਾਂ ਨੂੰ ਹੁਣ ਆਪਣੀ ਹੋਂਦ ਬਚਾਉਣ ਲਈ ਸਿਆਸੀ ਕੈਦਖਾਨਿਆਂ ਵਿੱਚੋਂ ਬਾਹਰ ਆਉਣਾ ਪਵੇਗਾ। ਪਾਰਟੀਆਂ ਦੇ ਝੰਡਿਆਂ, ਆਗੂਆਂ ਦੇ ਭਾਸ਼ਣਾਂ ਅਤੇ ਚੋਣਾਂ ਦੇ ਲਾਲਚਾਂ ਤੋਂ ਉੱਪਰ ਉੱਠ ਕੇ ਆਪਣੀ ਸੋਚ ਨੂੰ ਆਜ਼ਾਦ ਕਰਨਾ ਪਵੇਗਾ। ਲੋਕਾਂ ਨੂੰ ਆਪਣੇ ਘੁਰਨਿਆਂ ਵਿੱਚੋਂ ਬਾਹਰ ਆਉਣਾ ਪਵੇਗਾ। ਚੁੱਪ ਰਹਿਣ ਨਾਲ ਨਾ ਹੱਕ ਬਚਦੇ ਹਨ, ਨਾ ਪੰਜਾਬ, ਨਾ ਪੰਜਾਬੀ ਅਤੇ ਨਾ ਹੀ ਪੰਜਾਬੀਅਤ।

ਸਿਆਸਤਦਾਨ ਆਪਣੀਆਂ ਕੁਰਸੀਆਂ ਬਚਾਉਣ ਲਈ ਪੈਂਤੜੇ ਬਦਲਦੇ ਰਹਿਣਗੇ; ਪਰ ਜੇ ਲੋਕ ਆਪਣੀ ਸੋਚ ਨਾ ਬਦਲਣ, ਤਾਂ ਪੰਜਾਬ ਦਾ ਭਵਿੱਖ ਹਰ ਵਾਰ ਉਹੀ ਪੁਰਾਣੇ ਹੱਥਾਂ ਵਿੱਚ ਗਿਰਵੀ ਰਹੇਗਾ।

ਆਖ਼ਿਰ ਨੂੰ ਭਾਣਾ ਵਰਤ ਗਿਆ ਪਰ ਇਹ ਭਾਣਾ ਕੁਦਰਤ ਦਾ ਸੀ ਜਾਂ ਸਿਆਸੀ ਸਵਾਰਥਾਂ ਦਾ, ਇਸ ਦਾ ਜਵਾਬ ਪੰਜਾਬ ਦੇ ਲੋਕਾਂ ਨੇ ਆਪਣੀ ਜ਼ਮੀਰ ਦੀ ਅਦਾਲਤ ਵਿੱਚ ਦੇਣਾ ਹੈ।

ਪੰਜਾਬੀ ਗਾਇਕ ਦੇ ਗਾਏ ਗੀਤ ਦੇ ਬੋਲ ਚੇਤੇ ਆਉਂਦੇ ਹਨ ਕਿ

"ਆਖ਼ਿਰ ਨੂੰ ਭਾਣਾ ਵਰਤ ਗਿਆ ਨੀਂ ਤੈਨੂੰ ਦੇਖਣ ਆਏ ਲੈ ਗਏ।"

ਸੁਖਬੀਰ ਬਾਦਲ ਕਹਿੰਦਾ ਕਿ ਉਹਨਾਂ ਇਹ ਗੱਠਜੋੜ ਸਿਆਸੀ ਨਹੀਂ, ਭਾਵਨਾਤਮਕ ਹੈ। ਇਹ ਕਿਹੋ ਜਿਹੀਆਂ ਭਾਵਨਾਵਾਂ ਹਨ, ਜੀਹਨਾਂ ਨੂੰ ਸਿਰਫ਼ ਸੱਤਾ ਦੀਆਂ ਪੌੜੀਆਂ ਚੜ੍ਹਨ ਲਈ ਰਾਹ ਨਜ਼ਰ ਆਉਂਦਾ ਹੈ। ਬਾਕੀ ਉਹਨਾਂ ਨੂੰ ਕੁੱਝ ਵੀ ਨਜ਼ਰ ਨਹੀਂ ਆਉਂਦਾ। ਇਸ ਸਮੇਂ ਪੰਜਾਬ ਹਰ ਪੱਧਰ ਤੇ ਨਿਘਾਰ ਵੱਲ ਵੱਧਦਾ ਜਾ ਰਿਹਾ ਹੈ। ਪੰਜਾਬ ਸਰਕਾਰ ਇਸ਼ਤਿਹਾਰਬਾਜ਼ੀ ਰਾਹੀਂ ਵਿਕਾਸ ਦੇ ਦਾਅਵੇ ਕਰਨ ਵਿੱਚ ਮਸ਼ਰੂਫ ਹੈ। ਸੀਬੀਆਈ, ਈਡੀ ਤੇ ਮਾਣਯੋਗ ਹਾਈਕੋਰਟ ਨੇ ਪੰਜਾਬ ਸਰਕਾਰ ਦੇ ਵਿਧਾਇਕਾਂ ਤੇ ਲਾਲ ਫੀਤਾਸ਼ਾਹੀ ਨੂੰ ਪੜ੍ਹਨੇ ਪਾਇਆ ਹੋਇਆ ਹੈ। ਪੰਜਾਬ ਸਰਕਾਰ ਦੇ ਮੁੱਖ ਸਕੱਤਰ ਨੂੰ ਹਰ ਦਿਨ ਬੇਜ਼ਤੀ ਕਰਵਾਉਣੀ ਪੈ ਰਹੀ ਹੈ। ਉਸ ਨੇ ਬੇਸ਼ਰਮੀ ਦੇ ਲੋਦੇ ਕਿਹੜੇ ਹਸਪਤਾਲ ਤੋਂ ਲਗਾਏ ਹੋਏ ਹਨ ਕਿ ਉਸਨੂੰ ਭੋਰਾ ਭਰ ਵੀ ਸ਼ਰਮ ਮਹਿਸੂਸ ਨਹੀਂ ਹੁੰਦੀ। ਇਹੋ ਜਿਹਾ ਹਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦਾ ਬਣ ਗਿਆ ਹੈ। ਉਹ ਨੂੰ ਮੁੱਖ ਮੰਤਰੀ ਦੀ ਕੁਰਸੀ ਤੋਂ ਬਿਨਾਂ ਕੁੱਝ ਨਜ਼ਰ ਨਹੀਂ ਆਉਂਦਾ।

ਹੁਣ ਪੰਜਾਬ ਦੇ ਲੋਕਾਂ ਨੇ ਆਪਣੀ ਹੋਂਦ ਨੂੰ ਬਚਾਉਣ ਲਈ ਹੀ ਕੋਈ ਇਹਨਾਂ ਸਮੁੱਚੀਆਂ ਸਿਆਸੀ ਪਾਰਟੀਆਂ ਦਾ ਕੋਈ ਬਦਲ ਲੱਭਣਾ ਪਵੇਗਾ। ਪੰਜਾਬ ਦੇ ਜਿਹੜੇ ਲੋਕ ਚਾਹੁੰਦੇ ਹਨ ਕਿ ਪੰਜਾਬ ਵਿੱਚ ਇਮਾਨਦਾਰਾਂ ਦੀ ਸਰਕਾਰ ਬਣੇ, ਉਹਨਾਂ ਨੂੰ ਹੁਣ ਨੰਗੇ ਧੜ ਸਾਹਮਣੇ ਆਉਣਾ ਪਵੇਗਾ, ਨਹੀਂ ਤਾਂ.... ਪੰਜਾਬ ਦਾ ਭਵਿੱਖ ਸਭ ਦੇ ਸਾਹਮਣੇ ਹੀ ਹੈ। ਹੁਣ ਪੰਜਾਬ ਦੇ ਲੋਕਾਂ ਦਾ ਕੀ ਬਣੇਗਾ??



ਕਰੇ ਕਰਾਵੇ ਆਪੇ ਆਪ...

(ਗੁਰਪੁਰਬ 'ਤੇ ਵਿਸ਼ੇਸ਼)



ਇਹ ਗੱਲ ਅੱਜ ਦੇ ਗੁਰਪੁਰਬ ਤੋਂ ਕੁੱਝ ਦਿਨ ਪਹਿਲਾਂ ਦੀ ਹੈ। ਜ਼ਿਲ੍ਹਾ ਫ਼ਾਜ਼ਿਲਕਾ ਦੇ ਕਿਸੇ ਸਰਕਾਰੀ ਸਕੂਲ ਨੂੰ ਸਿੱਖਿਆ ਵਿਭਾਗ ਪੰਜਾਬ ਵੱਲੋਂ ਨਿਯਮਾਂ ਮੁਤਾਬਕ ਫੰਡ ਮੁਹੱਈਆ ਕਰਵਾਉਂਦਿਆਂ ਇਹ ਹਦਾਇਤ ਹੋਈ ਕਿ ਸਕੂਲ ਦੇ ਵਿਦਿਆਰਥੀਆਂ ਨੂੰ ਕਿਸੇ ਧਾਰਮਕ ਜਾਂ ਇਤਿਹਾਸਕ ਸਥਾਨ ਘੁਮਾ ਕੇ ਲਿਆਉਣਾ ਹੈ। ਸਕੂਲ ਦੇ ਪ੍ਰਿੰਸੀਪਲ ਸਾਹਿਬ ਨੇ ਸਟਾਫ਼ ਨੂੰ ਇਸ ਬਾਬਤ ਸੁਨੇਹਾ ਲਗਾਇਆ ਅਤੇ ਇੱਕ ਮੀਟਿੰਗ ਬੁਲਾ ਲਈ। ਮੀਟਿੰਗ ਵਿੱਚ ਸਕੂਲ ਦੇ ਹੀ ਇੱਕ ਧਾਰਮਿਕ ਪ੍ਰਵਿਰਤੀ ਦੇ ਅਧਿਆਪਕ ਨੇ ਇਸ ਵਾਰ ਵਿਦਿਆਰਥੀਆਂ ਨੂੰ ਸ਼੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਕਰਵਾਉਣ ਦੀ ਇੱਛਾ ਪ੍ਰਗਟ ਕੀਤੀ। ਇਸ ਟੂਰ ਲਈ ਜੋ ਪੈਸੇ ਵਿਭਾਗ ਵੱਲੋਂ ਮੁਹੱਈਆ ਕਰਵਾਏ ਗਏ ਸਨ, ਉਹ ਸਕੂਲ ਦੇ ਵਿਦਿਆਰਥੀਆਂ ਨੂੰ ਇੰਨੀ ਦੂਰ ਕਿਸੇ ਧਾਰਮਿਕ ਸਥਾਨ 'ਤੇ ਲਿਜਾਉਣ ਲਈ ਨਾ-ਕਾਫ਼ੀ ਸਨ। ਉਸ ਅਧਿਆਪਕ ਨੇ ਮੀਟਿੰਗ ਵਿੱਚ ਇਸ ਟੂਰ ਦਾ ਬਾਕੀ ਦਾ ਖ਼ਰਚ ਦਸਵੰਧ ਵਜੋਂ ਅਧਿਆਪਕਾਂ ਕੋਲੋਂ ਇਕੱਠਾ ਕਰਨ ਦੀ ਅਰਜੋਈ ਕੀਤੀ। ਸਾਰੇ ਮੰਨ ਗਏ ਅਤੇ ਇੱਕ ਮਿੱਥੀ ਮਿਤੀ ਨੂੰ ਉਕਤ ਸਕੂਲ ਦੇ ਲਗਭਗ ਪੰਜਾਹ-ਸੱਠ ਵਿਦਿਆਰਥੀ ਇੱਕ ਵੱਡੀ ਪ੍ਰਾਈਵੇਟ ਕੰਪਨੀ ਦੀ ਬੱਸ ਰਾਹੀਂ ਆਪਣੇ ਅਧਿਆਪਕਾਂ ਨਾਲ ਇਸ ਪਵਿੱਤਰ ਯਾਤਰਾ ਲਈ ਰਵਾਨਾ ਹੋਏ।

ਵਿਭਾਗ ਵੱਲੋਂ ਆਏ ਪੈਸਿਆਂ ਨਾਲ ਜਿਵੇਂ-ਤਿਵੇਂ ਬੱਸ ਦਾ ਖ਼ਰਚ ਤਾਂ ਪੂਰਾ ਹੋ ਗਿਆ, ਪਰੰਤੂ ਪੰਜਾਹ-ਸੱਠ ਵਿਦਿਆਰਥੀਆਂ ਦੇ ਤਿੰਨ ਟਾਈਮ ਦੇ ਖਾਣੇ ਆਦਿ ਲਈ ਕੋਈ ਪੈਸਾ ਨਾ ਬਚਿਆ। ਉਸ ਇੰਚਾਰਜ ਅਧਿਆਪਕ ਨੇ ਵਾਹਿਗੁਰੂ 'ਤੇ ਟੇਕ ਰੱਖੀ ਅਤੇ ਸਾਰੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਤੜਕਸਾਰ ਆਪਣੀ ਮੰਜ਼ਿਲ ਵੱਲ ਵਧ ਗਏ। ਅਧਿਆਪਕਾਂ ਵੱਲੋਂ ਇਕੱਠਾ ਕੀਤੀ ਰਕਮ ਵਿੱਚੋਂ ਵਿਦਿਆਰਥੀਆਂ ਨੂੰ ਰਸਤੇ ਵਿੱਚ ਨਾਸ਼ਤਾ ਤਾਂ ਕਰਵਾ ਦਿੱਤਾ, ਪਰੰਤੂ ਦੁਪਹਿਰ ਅਤੇ ਰਾਤ ਦੇ ਭੋਜਨ ਦੇ ਪ੍ਰਬੰਧ ਦੀ ਚਿੰਤਾ ਦੀਆਂ ਲਕੀਰਾਂ ਉਸ ਅਧਿਆਪਕ ਦੇ ਚਿਹਰੇ 'ਤੇ ਦਿਸਣ ਲੱਗੀਆਂ। ਬੱਸ ਦਾ ਲਗਪਗ ਛੇ ਘੰਟਿਆਂ ਦਾ ਸਫ਼ਰ ਕਰਨ ਉਪਰੰਤ ਵਿਦਿਆਰਥੀ ਹੁੰਮ-ਹੁੰਮਾ ਕੇ ਸ਼੍ਰੀ ਦਰਬਾਰ ਸਾਹਿਬ ਪਹੁੰਚੇ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨ ਉਪਰੰਤ ਸਰੋਵਰ ਦੀ ਪਰਿਕਰਮਾ ਕਰਨ ਲੱਗੇ। ਪਰਿਕਰਮਾ ਕਰਨ ਉਪਰੰਤ ਸਾਰੇ ਵਿਦਿਆਰਥੀ ਸਰੋਵਰ ਦੇ ਕੰਢੇ ਇੱਕ ਥਾਂ 'ਤੇ ਆਪਣੇ ਅਧਿਆਪਕਾਂ ਦੀ ਨਿਗਰਾਨੀ ਹੇਠ ਇੱਕ ਗਰੁੱਪ ਬਣਾ ਕੇ ਬੈਠ ਗਏ ਅਤੇ ਬਾਣੀ ਸਰਵਣ ਕਰਨ ਲੱਗੇ।

ਉਸ ਇੰਚਾਰਜ ਅਧਿਆਪਕ ਦਾ ਮਨ ਨਹੀਂ ਸੀ ਟਿਕ ਰਿਹਾ। ਉਹ ਬੈਠਾ ਵਾਹਿਗੁਰੂ ਅੱਗੇ ਮਨ ਹੀ ਮਨ ਅਰਦਾਸ ਕਰੇ ਕਿ 'ਹੇ ਵਾਹਿਗੁਰੂ! ਇਨ੍ਹਾਂ ਵਿਦਿਆਰਥੀਆਂ ਦੇ ਦੁਪਹਿਰ ਦੇ ਭੋਜਨ ਦਾ ਪ੍ਰਬੰਧ ਤਾਂ ਆਪ ਜੀ ਨੇ ਆਪਣੇ ਅਟੁੱਟ ਲੰਗਰ ਰਾਹੀਂ ਕਰ ਦੇਣਾ ਹੈ, ਪਰੰਤੂ ਵਾਪਿਸ ਫ਼ਾਜ਼ਿਲਕਾ ਦੇ ਉਸ ਪਿੰਡ ਪਹੁੰਚਣ ਤੱਕ ਤਾਂ ਰਾਤ ਬਹੁਤ ਹੋ ਜਾਵੇਗੀ। ਉਸ ਅਧਿਆਪਕ ਨੂੰ ਰਾਤ ਦੇ ਭੋਜਨ ਦੀ ਚਿੰਤਾ ਸਤਾਉਣ ਲੱਗੀ।

ਅਜੇ ਉਹ ਅਧਿਆਪਕ ਸੋਚ ਹੀ ਰਿਹਾ ਸੀ ਕਿ ਭੀੜ ਵਿੱਚੋਂ ਇੱਕ ਸਰਦਾਰ ਜੀ ਅਚਾਨਕ ਉਸ ਅਧਿਆਪਕ ਕੋਲ ਆਏ ਅਤੇ ਬੋਲੇ, 'ਸਤਿ ਸ਼੍ਰੀ ਅਕਾਲ ਜੀਓ! ਕੀ ਇਹਨਾਂ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਦੇ ਗਰੁੱਪ ਦੇ ਤੁਸੀਂ ਇੰਚਾਰਜ ਹੋ?' ਅਧਿਆਪਕ ਨੇ ਵੀ ਅੱਗੋਂ ਫਤਹਿ ਬੁਲਾਈ ਅਤੇ 'ਹਾਂ' ਵਿੱਚ ਸਿਰ ਹਿਲਾਇਆ। ਉਸ ਅਣਜਾਣ ਵਿਅਕਤੀ ਨੇ ਆਪਣੀ ਜੇਬ ਵਿੱਚੋਂ ਪੰਜ-ਪੰਜ ਸੌ ਦੇ ਨੋਟਾਂ ਦੀ ਨਵੀਂ ਕਾਪੀ ਕੱਢੀ ਅਤੇ ਉਸ ਨੂੰ ਅੰਦਾਜ਼ੇ ਨਾਲ ਅੱਧਾ ਕਰਕੇ ਉਸ ਅਧਿਆਪਕ ਦੀ ਤਲੀ 'ਤੇ ਧਰਦਿਆਂ ਕਿਹਾ, 'ਬੱਚਿਆਂ ਨੂੰ ਵਾਪਸੀ 'ਤੇ ਰਸਤੇ ਵਿੱਚ ਕੁੱਝ ਖੁਆ-ਪਿਆ ਦੇਣ

ਵਿਕਟੋਰੀਆ ਜ਼ਜੀਰਾ ਵੇਖਣ ਈ ਵਾਲਾ ਏ...

ਚਾਰੇ ਪਾਸਿਓਂ ਸਮੁੰਦਰ ਨਾਲ ਘਿਰਿਆ ਹੋਇਆ ਵਿਕਟੋਰੀਆ ਇੱਕ ਅਤੀ ਖ਼ੂਬਸੂਰਤ ਜਜ਼ੀਰਾ (ਆਈਲੈਂਡ) ਹੈ। ਏਸੇ ਲਈ ਹੀ ਸ਼ਾਇਦ ਇਸ ਨੂੰ ਬੀ.ਸੀ. ਸੂਬੇ ਵੱਲੋਂ ਇਸ ਨੂੰ ਆਪਣੀ ਰਾਜਧਾਨੀ ਬਣਾਇਆ ਗਿਆ ਹੈ। ਇਹ ਦੁਨੀਆਂ ਦਾ ਅੱਠਵਾਂ ਅਤੇ ਕੈਨੇਡਾ ਦਾ ਦੂਸਰਾ ਵੱਡਾ ਆਈਲੈਂਡ ਹੈ। ਇਸ ਦਾ ਖੇਤਰਫਲ 2,19,191 ਵਰਗ ਕਿਲੋਮੀਟਰ ਹੈ ਅਤੇ ਆਬਾਦੀ 3,97,237 ਹੈ, ਜਦਕਿ ਵਿਕਟੋਰੀਆ ਸ਼ਹਿਰ ਦੀ ਆਬਾਦੀ 91,867 ਹੈ। 1843 ਵਿੱਚ ਇੰਗਲੈਂਡ ਦੇ 'ਗੋਰੇ' (ਅੰਗਰੇਜ਼) ਇੱਥੇ ਆਉਣੇ ਸ਼ੁਰੂ ਹੋਏ ਅਤੇ ਉਨ੍ਹਾਂ ਵੱਲੋਂ ਇਸ ਟਾਪੂ ਦਾ ਨਾਂ 'ਵਿਕਟੋਰੀਆ' ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਦੇ ਨਾਂ 'ਤੇ ਰੱਖਿਆ ਗਿਆ। ਸ਼ਹਿਰ ਵਿੱਚ ਕਈ ਇਤਿਹਾਸਕ ਇਮਾਰਤਾਂ ਹਨ, ਜਿਨ੍ਹਾਂ ਵਿਚੋਂ ਸੱਭ ਤੋਂ ਅਹਿਮ ਇਮਾਰਤ ਇਸ ਸੂਬੇ ਦੀ ਰਾਜਧਾਨੀ ਦੀ ਹੈ ਜੋ 1897 ਵਿੱਚ ਬਣ ਕੇ ਤਿਆਰ ਹੋਈ। ਬ੍ਰਿਟਿਸ਼ ਕੋਲੰਬੀਆ ਕੈਨੇਡਾ ਦੇ ਵੱਡੇ ਸੂਬਿਆਂ ਵਿੱਚੋਂ ਇੱਕ ਹੈ। 9,44,735 ਵਰਗ ਕਿਲੋਮੀਟਰ ਵਿੱਚ ਫੈਲੇ ਹੋਏ ਇਸ ਸੂਬੇ ਦੇ ਪੂਰਬ ਵਾਲੇ ਪਾਸੇ ਅਲਬਰਟਾ ਅਤੇ ਉੱਤਰ ਵੱਲ ਯੂਕੋਨ ਤੇ ਨੂਨਾਵਤ ਟੈਰੀਟਰੀਆਂ ਹਨ। ਦੱਖਣ ਵਾਲੇ ਪਾਸੇ ਅਮਰੀਕਾ ਦੀਆਂ ਬਾਰਡਰ ਸਟੇਟਾਂ ਵਾਸ਼ਿੰਗਟਨ ਤੇ ਮੌਨਟੋਨਾ ਪੈਂਦੀਆਂ ਹਨ ਅਤੇ ਇਸਦੇ ਨਾਲ ਹੀ ਪੈਸੇਫਿਕ ਓਸ਼ਨ ਤੇ ਰੌਕੀ ਮਾਊਂਟੇਨ ਹਨ। ਕੈਨੇਡਾ ਦੀ 2025 ਦੀ ਜਨ-ਗਣਨਾ ਅਨੁਸਾਰ 5.68 ਮਿਲੀਅਨ ਦੀ ਜਨ-ਸੰਖਿਆ ਨਾਲ ਆਬਾਦੀ ਪੱਖੋਂ ਇਹ ਕੈਨੇਡਾ ਦਾ ਤੀਸਰਾ ਵੱਡਾ ਸੂਬਾ ਹੈ। 2021 ਦੀ ਜਨ-ਗਣਨਾ ਅਨੁਸਾਰ ਸੱਭ ਤੋਂ ਵਧੇਰੇ ਆਬਾਦੀ ਓਨਟਾਰੀਓ ਦੀ 14,223,942 ਹੈ ਅਤੇ ਕਿਊਬਿਕ 8,581,533 ਜਨ-ਸੰਖਿਆ ਨਾਲ ਦੂਸਰੇ ਨੰਬਰ 'ਤੇ ਆਉਂਦਾ ਹੈ।

ਪਹਿਲੇ ਦਿਨ ਕੈਮਲੂਪਸ ਤੇ ਵਿਸਲਰ ਵੇਖਣ ਤੋਂ ਬਾਅਦ ਸਾਡਾ ਪ੍ਰੋਗਰਾਮ ਆਪਣੀ ਯਾਤਰਾ ਦਾ ਦੂਸਰਾ ਤੇ ਤੀਸਰਾ ਦਿਨ ਵਿਕਟੋਰੀਆ ਦੇ ਲੇਖੇ ਲਾਉਣ ਦਾ ਸੀ। ਵਿਸਲਰ ਵਿਚਲੀ ਆਪਣੀ 'ਅਸਥਾਈ ਰਿਹਾਇਸ਼' ਤੋਂ ਸਵੇਰੇ ਚਾਹ ਤੇ ਸਨੈਕਸ ਨਾਲ ਹਲਕਾ ਬਰੇਕਫ਼ਾਸਟ ਕਰਕੇ ਵਿਸਲਰ ਸ਼ਹਿਰ ਦੀ ਨਿੱਕੀ ਜਿਹੀ ਗੇੜੀ ਮਾਰੀ ਅਤੇ ਫਿਰ ਵੈਨ ਦਾ ਰੁਖ਼ ਵੈਨਕੂਵਰ ਤੋਂ ਵਿਕਟੋਰੀਆ ਨੂੰ ਚੱਲਣ ਵਾਲੀਆਂ ਫ਼ੈਰੀਆਂ ਦੇ ਸਟੇਸ਼ਨ 'ਟਵਾਸੇਨ' (Tsawwassen) ਵੱਲ ਕੀਤਾ। ਇਹ ਵੈਨਕੂਵਰ ਡਾਊਨਟਾਊਨ ਤੋਂ 36 ਕਿਲੋਮੀਟਰ ਦੂਰ ਹੈ ਅਤੇ ਇੱਥੇ ਪਹੁੰਚਣ ਲਈ ਅੱਧਾ ਕੁ ਘੰਟਾ ਲੱਗਦਾ ਹੈ। ਵਿਕਟੋਰੀਆ ਤੋਂ ਵੈਨਕੂਵਰ ਆਉਣ ਲਈ ਉੱਥੇ ਇੱਕ ਹੋਰ ਫ਼ੈਰੀ ਸਟੇਸ਼ਨ 'ਨਨੈਮੋ' (Nanaimo) ਵੀ ਹੈ ਪਰ ਵੈਨਕੂਵਰ ਤੋਂ ਵਿਕਟੋਰੀਆ ਜਾਣ ਲਈ ਕੇਵਲ ਇਹ 'ਟਵਾਸਨ' ਟਰਮੀਨਲ ਹੀ ਹੈ। ਵਿਕਟੋਰੀਆ ਜਾਣ ਲਈ ਅਸੀਂ ਅਗਾਊਂ-ਬੁੱਕਿੰਗ ਇਸ ਫ਼ੈਰੀ ਸਟੇਸ਼ਨ 'ਟਵਾਸੇਨ' ਤੋਂ ਕਰਵਾਈ ਹੋਈ ਸੀ ਅਤੇ ਉੱਥੇ ਪਹੁੰਚਣ ਲਈ ਰਸਤਾ ਅੱਧੇ ਘੰਟੇ ਦਾ ਸੀ, ਪਰ ਫ਼ੈਰੀ ਦੇ ਜਿਸ ਫੇਰੇ ਵਿੱਚ ਜਾਣ ਦੀ ਸਾਡੀ ਅਗਾਊਂ-ਬੁੱਕਿੰਗ ਸੀ, ਉਸਦੇ ਚੱਲਣ ਵਿੱਚ ਅਜੇ ਡੇਢ ਘੰਟੇ ਤੋਂ ਵੀ ਵਧੇਰੇ ਸਮਾਂ ਸੀ। ਇਸ ਲਈ ਸਾਡਾ ਰਸਤੇ ਵਿੱਚ ਪੈਂਦੇ ਇੱਕ 'ਟਿਮ ਹੌਰਟਨ' ਉੱਪਰ ਕਾਫ਼ੀ ਤੇ ਸਨੈਕਸ ਵਗ਼ੈਰਾ ਲੈਣ ਦਾ ਵਿਚਾਰ ਬਣ ਗਿਆ ਤਾਂ ਜੋ ਫ਼ੈਰੀ ਦੇ ਦੋ ਘੰਟੇ ਦੇ ਸਫ਼ਰ ਦੌਰਾਨ ਕਿਧਰੇ ਭੁੱਖ ਨਾ ਲੱਗ ਜਾਏ। ਫ਼ੈਰੀ ਵਿਚਲੇ ਰੈਸਟੋਰੈਂਟ 'ਚ ਤਾਂ ਹਰੇਕ 'ਸੌਦਾ' ਫਿਰ ਮਹਿੰਗਾ ਹੀ ਹੋਣਾ ਸੀ। ਫ਼ੈਰੀ ਦੇ ਚੱਲਣ ਤੋਂ ਅੱਧਾ ਕੁ ਘੰਟਾ ਪਹਿਲਾਂ ਪਾਰਕਿੰਗ ਵਿੱਚ ਪਹੁੰਚ ਕੇ ਆਪਣੀ ਵੈਨ ਗੱਡੀਆਂ ਵਾਲੀ ਇਕ ਲਾਈਨ ਵਿੱਚ ਲਗਾਈ ਅਤੇ ਫ਼ੈਰੀ ਦੀ ਉਡੀਕਦਾ ਸਮਾਂ ਉੱਥੇ ਏਧਰ-ਓਧਰ ਘੁੰਮ ਕੇ ਗੁਜ਼ਾਰਿਆ। ਪਾਰਕਿੰਗ ਵਿੱਚ ਫ਼ੈਰੀ 'ਚ ਜਾਣ ਵਾਲੀਆਂ ਗੱਡੀਆਂ ਦੀਆਂ ਤਿੰਨ-ਚਾਰ ਲਾਈਨਾਂ ਲੱਗੀਆਂ ਹੋਈਆਂ ਸਨ ਅਤੇ ਸਮਾਨ ਨਾਲ ਲੱਦੇ ਹੋਏ ਕਈ ਵੱਡੇ ਟਰੱਕ-ਟ੍ਰੇਲਰ ਇੱਕ ਵੱਖਰੀ ਲਾਈਨ ਵਿੱਚ ਖੜੇ ਸਨ। ਆਮ ਪ੍ਰਚੱਲਤ ਕਹਾਵਤ ਹੈ ਕਿ 'ਉਡੀਕ ਦੀਆਂ ਘੜੀਆਂ ਲੰਮੀਆਂ ਹੁੰਦੀਆਂ ਨੇ' ਪਰ ਇਸਦੀ ਅਸਲੀਅਤ ਦਾ ਸਹੀ ਪਤਾ ਉਡੀਕ ਕਰਨ ਸਮੇਂ ਹੀ ਲੱਗਦਾ ਹੈ। ਖ਼ੈਰ, ਆਪਸ 'ਚ ਗੱਪ-ਸ਼ੱਪ ਮਾਰਦਿਆਂ ਇਹ ਸਮਾਂ ਕਿਵੇਂ ਨਾ ਕਿਵੇਂ ਲੰਘ ਹੀ ਗਿਆ।

ਫ਼ੈਰੀ 'ਚ ਸਫ਼ਰ ਦਾ ਆਪਣਾ ਹੀ ਮਜ਼ਾ

ਵਿਕਟੋਰੀਆ ਵਾਲੇ ਪਾਸਿਉਂ ਫੈਰੀ ਨਿਸਚਤ ਸਮੇਂ 'ਤੇ ਆ ਗਈ। ਏਹੀ ਫ਼ੈਰੀ ਫਿਰ ਓਧਰ ਨੂੰ ਜਾਣੀ ਸੀ ਅਤੇ ਏਸੇ ਵਿੱਚ ਹੀ ਸਾਡੀਆਂ ਟਿਕਟਾਂ ਅਗਾਊਂ ਬੁੱਕ ਹੋਈਆਂ ਸਨ। ਫ਼ੇਰੀ ਵਿੱਚੋਂ ਛੋਟੀਆਂ-ਵੱਡੀਆਂ ਗੱਡੀਆਂ ਤੇ ਵੱਡੇ ਟਰੱਕ-ਟ੍ਰੇਲਰ ਬਾਹਰ ਨਿਕਲਣੇ ਸ਼ੁਰੂ ਹੋ ਗਏ। ਪੰਦਰਾਂ ਕੁ ਮਿੰਟਾਂ 'ਚ ਓਧਰੋਂ ਆਉਣ ਵਾਲੇ ਵਾਹਨ ਆਉਣੇ ਬੰਦ ਹੋ ਗਏ ਅਤੇ ਫਿਰ ਏਧਰੋਂ ਓਧਰ ਨੂੰ ਜਾਣ ਵਾਲਿਆਂ ਦੀ ਵਾਰੀ ਆ ਗਈ। ਸਾਡੇ ਵਾਲੀ ਲਾਈਨ ਦੇ ਵਾਹਨਾਂ ਵਿੱਚ ਵੀ ਹਿਲਜੁਲ ਹੋਣੀ ਸ਼ੁਰੂ ਹੋ ਗਈ। ਆਪਣੀ ਵਾਰੀ ਆਉਣ 'ਤੇ ਪਲਵਿੰਦਰਜੀਤ ਨੇ ਸਾਨੂੰ ਵੈਨ 'ਚ ਬੈਠੇ-ਬਿਠਾਇਆਂ ਹੀ ਫੈਰੀ ਦੀ ਡੈੱਕ ਵਿੱਚ ਜਾ ਲਾਇਆ। ਸਾਡੇ ਜਾਣ ਤੋਂ ਪਹਿਲਾਂ ਹੀ ਉੱਥੇ ਗੱਡੀਆਂ ਦੀਆਂ ਲੰਮੀਆਂ ਲਾਈਨਾਂ ਲੱਗੀਆਂ ਹੋਈਆਂ ਸਨ ਅਤੇ ਨਾਲ ਹੀ ਭਾਰ ਨਾਲ ਲੱਦੇ-ਲਦਾਏ ਟਰੱਕ-ਟ੍ਰੇਲਰ ਵੀ ਵਿੱਚੇ ਹੀ ਪਾਰਕ ਹੁੰਦੇ ਜਾ ਰਹੇ ਸਨ। ਗੱਲ ਕੀ, ਡੈੱਕ ਦੇ ਅੰਦਰ ਇਕ 'ਖੁੱਲ੍ਹੀ-ਪਾਰਕਿੰਗ' ਵਾਲਾ ਦ੍ਰਿਸ਼ ਸੀ। ਗੱਡੀਆਂ ਅਤੇ ਟਰੱਕਾਂ ਵਿੱਚੋਂ ਉੱਤਰ ਕੇ ਲੋਕ ਲਿਫ਼ਟ ਰਾਹੀ ਫੈਰੀ ਦੀਆਂ ਉੱਪਰ ਵਾਲੀਆਂ ਮੰਜ਼ਲਾਂ ਵੱਲ ਜਾ ਰਹੇ ਸਨ। ਅਸੀਂ ਵੀ ਉਨ੍ਹਾਂ ਦੇ ਪਿੱਛੇ ਚੱਲਦੇ ਹੋਏ ਲਿਫ਼ਟ ਰਾਹੀਂ ਸੱਭ ਤੋਂ ਉੱਪਰਲੀ ਮੰਜ਼ਲ 'ਤੇ ਪਹੁੰਚ ਗਏ।

ਫ਼ੈਰੀ ਕਾਹਦੀ, ਇਹ ਪੂਰਾ 'ਸਮੁੰਦਰੀ ਜਹਾਜ਼' ਹੀ ਸੀ। ਇਸ ਦੀਆਂ ਉੱਪਰਲੀਆਂ ਦੋ ਮੰਜ਼ਲਾਂ 'ਤੇ ਬੈਠਣ ਲਈ ਸੋਫ਼ੇ ਵਰਗੀਆਂ ਸ਼ਾਨਦਾਰ ਗੱਦੇਦਾਰ ਸੀਟਾਂ ਮੌਜੂਦ ਸਨ। ਫ਼ੈਰੀ ਦੇ ਚੱਲਣ ਵਿੱਚ ਅਜੇ ਕੁਝ ਸਮਾਂ ਰਹਿੰਦਾ ਸੀ। ਥੋੜ੍ਹਾ ਚਿਰ ਇਨ੍ਹਾਂ ਗੱਦੇਦਾਰ ਸੀਟਾਂ 'ਤੇ ਬੈਠ ਕੇ ਅਸੀਂ ਸੱਭ ਤੋਂ ਉੱਪਰਲੀ ਖੁੱਲ੍ਹੀ ਛੱਤ 'ਤੇ ਚਲੇ ਗਏ ਅਤੇ ਆਲੇ-ਦੁਆਲੇ ਸਮੁੰਦਰ ਦਾ ਸੁੰਦਰ ਮੰਜ਼ਰ ਵੇਖਣ ਲੱਗ ਪਏ। ਏਨੇ ਨੂੰ ਇੱਕ ਹੋਰ ਫ਼ੈਰੀ ਵੈਨਕੂਵਰ ਵਾਲੇ ਬੰਨਿਉਂ ਇਧਰ ਨੂੰ ਆ ਰਹੀ ਸੀ। ਸਾਡੇ ਵਾਲੀ ਫ਼ੇਰੀ ਨੇੜਿਉਂ ਲੰਘਣ ਲੱਗਿਆਂ ਉਸਦੇ ਮੁਸਾਫ਼ਰਾਂ ਨੇ ਸਾਨੂੰ ਅਤੇ ਅਸੀ ਉਨ੍ਹਾਂ ਨੂੰ ਹੱਥ ਹਿਲਾ ਕੇ ਖ਼ੁਸ਼ੀ ਦਾ ਇਜ਼ਹਾਰ ਕੀਤਾ। ਦੂਰ-ਦੂਰ ਤੱਕ ਸਮੁੰਦਰ ਦਾ ਨੀਲੀ ਭਾਅ ਮਾਰਦਾ ਸਾਫ਼ ਤੇ ਸਵੱਛ ਪਾਣੀ ਅਤੀ ਖ਼ੂਬਸੂਰਤ ਲੱਗ ਰਿਹਾ ਸੀ ਅਤੇ ਇਸ ਵਿੱਚ ਹਵਾ ਨਾਲ ਉੱਠਦੀਆਂ ਵੱਡੀਆਂ ਤੇ ਛੋਟੀਆਂ ਸਮੁੰਦਰੀ ਲਹਿਰਾਂ ਇਸ ਖ਼ੂਬਸੂਰਤੀ ਵਿੱਚ ਹੋਰ ਵੀ ਵਾਧਾ ਕਰ ਰਹੀਆਂ ਸਨ। ਸਮੁੰਦਰ ਦੇ ਪਾਣੀ ਦੀ 'ਪਿੱਠ-ਭੂਮੀ' (Background) 'ਚ ਅਸੀਂ ਇੱਥੇ ਆਪਣੀਆਂ ਵੱਖ-ਵੱਖ ਅਤੇ ਗਰੁੱਪ ਦੀਆਂ ਕਈ ਤਸਵੀਰਾਂ ਲਈਆਂ। ਸਾਡੇ ਵਿੱਚੋਂ ਬਹੁਤੇ ਮੈਂਬਰਾਂ ਵਿੱਚ ਅਜਿਹੀ ਵਿਸ਼ਾਲ ਫ਼ੈਰੀ 'ਚ ਸਫ਼ਰ ਕਰਨ ਦਾ ਇਹ ਪਹਿਲਾ ਮੌਕਾ ਸੀ, ਜਿਸ ਨੂੰ ਉਹ ਬੜੀ ਤੀਬਰਤਾ ਨਾਲ ਮਾਣ ਰਹੇ ਸਨ।

ਫ਼ੈਰੀ ਦਾ ਹੂਟਰ ਵੱਜਿਆ ਤੇ ਨਾਲ ਹੀ ਉਹ ਸਮੁੰਦਰ ਦੇ ਡੂੰਘੇ ਪਾਣੀ ਵਿੱਚ ਠਿੱਲ੍ਹ ਪਈ ਅਤੇ ਹੌਲੀ-ਹੌਲੀ ਸਪੀਡ ਫ਼ੜਨ ਲੱਗੀ। ਵੇਖਣ ਨੂੰ ਇਹ ਸਪੀਡ ਬਹੁਤੀ ਨਹੀਂ ਲੱਗਦੀ ਸੀ ਪਰ ਮੁਸਾਫ਼ਰਾਂ ਵਿੱਚੋਂ ਕਈ ਕਹਿ ਰਿਹਾ ਸੀ ਕਿ ਇਹ 25-30 ਕਿਲੋਮੀਟਰ ਪ੍ਰਤੀ ਘੰਟਾ ਤਾਂ ਹੋਵੇਗੀ ਹੀ। ਉਨ੍ਹਾਂ ਦਾ ਅੰਦਾਜ਼ਾ ਠੀਕ ਹੀ ਲੱਗਦਾ ਸੀ, ਕਿਉਂਕਿ ਓਸੇ ਸਮੇਂ 'ਗੂਗਲ ਬਾਬੇ' ਨੂੰ ਪੁੱਛਣ 'ਤੇ ਪਤਾ ਲੱਗਿਆ ਕਿ ਵੈਨਕੂਵਰ ਦੇ ਟਵਾਸੇਨ ਫ਼ੈਰੀ ਟਰਮੀਨਲ ਤੋਂ ਵਿਕਟੋਰੀਆ ਦੇ ਸਵਾਰਟਜ਼ ਬੇਅ ਟਰਮੀਨਲ ਦੀ ਦੂਰੀ 47 ਕਿਲੋਮੀਟਰ ਹੈ ਅਤੇ ਫ਼ੈਰੀ ਆਪਣੀ ਮਸਤ ਚਾਲੇ ਚੱਲਦੀ ਹੋਈ ਉੱਥੇ ਪਹੁੰਚਣ ਲਈ ਲੱਗਭੱਗ ਪੌਣੇ ਦੋ ਘੰਟੇ ਲਗਾ ਦਿੰਦੀ ਹੈ। ਉਂਜ, ਆਲੇ-ਦੁਆਲੇ ਦੇ ਕੁਦਰਤੀ ਨਜ਼ਾਰੇ ਵੇਖਦੇ ਹੋਏ ਪਤਾ ਹੀ ਨਾ ਲੱਗਦਾ ਕਿ ਇਹ ਦੋ ਘੰਟੇ ਏਨੀ ਜਲਦੀ ਕਿਵੇਂ ਲੰਘ ਜਾਂਦਾ ਹੈ। ਖ਼ੈਰ, ਇਹ ਤਾਂ ਸਾਡੀ ਮਾਨਸਿਕ ਅਵਸਥਾ ਹੀ ਹੁੰਦੀ ਹੈ, ਖ਼ੁਸ਼ੀ ਭਰਿਆ ਸਮਾਂ ਜਲਦੀ ਲੰਘ ਜਾਂਦਾ ਹੈ ਅਤੇ ਦੁੱਖ ਦੀਆਂ ਘੜੀਆਂ ਲੰਮੀਆਂ ਹੋ ਜਾਂਦੀਆਂ ਹਨ। ਫ਼ੈਰੀ ਵਿੱਚ ਜਾਣ ਵਾਲਾ ਇੱਕ ਯਾਤਰੀ ਉੱਥੇ ਗੱਲ ਕਰ ਰਿਹਾ ਸੀ ਕਿ ਵੈਨਕੂਵਰ ਤੋਂ ਵਿਕਟੋਰੀਆ ਤੱਕ ਸਮੁੰਦਰ ਵਿੱਚ 47 ਕਿਲੋਮੀਟਰ ਪੁਲ਼ ਬਨਾਉਣਾ ਕੈਨੇਡਾ ਦੀ ਸਰਕਾਰ ਲਈ ਕੋਈ ਬਹੁਤਾ ਮੁਸ਼ਕਲ ਕੰਮਨਹੀਂ ਹੈ, ਫ਼ੈਰੀਆਂ ਚਲਾਉਣ ਵਾਲੀ ਇਹ ਕੰਪਨੀ ਸਰਕਾਰੇ-ਦਰਬਾਰੇ ਏਨੀ ਕੁ ਅਸਰਦਾਰ ਹੈ ਕਿ ਉਹ ਇਸ ਵੱਡੇ ਪ੍ਰਾਜੈਕਟ ਨੂੰ ਅਮਲੀ ਰੂਪ ਦੇਣ ਵਿੱਚ ਵੱਡੀ ਰੁਕਾਵਟ ਬਣੀ ਹੋਈ ਹੈ। ਇੱਥੇ ਹਰ ਕੋਈ ਆਪਣੇ ਫ਼ਾਇਦੇ ਬਾਰੇ ਹੀ ਸੋਚਦਾ ਹੈ ਅਤੇ ਇਸ ਕੰਪਨੀ ਨੂੰ ਵੀ ਆਪਣੇ ਹਿੱਤ ਪਿਆਰੇ ਹਨ।

ਖ਼ੂਬਸੂਰਤ ਜਜ਼ੀਰੇ ਵਿਕਟੋਰੀਆ ਪਹੁੰਚੇ

ਫ਼ੈਰੀ ਦੇ ਵਿਕਟੋਰੀਆ ਪਹੁੰਚਣ 'ਤੇ ਲਿਫ਼ਟ ਰਾਹੀਂ ਹੇਠਾਂ ਉੱਤਰ ਕੇ ਆਪਣੀ ਵੈਨ 'ਚ ਜਾ ਬੈਠੇ। ਡੈੱਕ ਦਾ ਗੇਟ ਖੁੱਲ੍ਹਣ 'ਤੇ ਵੈਨ ਬਾਹਰ ਕੱਢੀ ਅਤੇ ਇੱਥੇ ਵਿਕਟੋਰੀਆ ਵਿੱਚ ਪਹਿਲਾਂ ਹੀ ਬੁੱਕ ਕਰਵਾਈ ਹੋਈ ਰਿਹਾਇਸ਼ ਵੱਲ ਚੱਲ ਪਏ। ਇਹ ਉੱਥੋਂ ਕਾਫ਼ੀ ਦੂਰ ਸੀ ਅਤੇ ਸਾਨੂੰ ਉੱਥੇ ਪਹੁੰਚਣ ਲਈ ਪੌਣਾ ਘੰਟਾ ਲੱਗ ਗਿਆ। ਵਿਕਟੋਰੀਆ ਦੀ ਹਰਿਆਵਲ ਭਰਪੂਰ ਕੁਦਰਤੀ ਖ਼ੂਬਸੂਰਤੀ ਨੂੰ ਤੱਕਦਿਆਂ ਹੋਇਆਂ ਇਹ ਪੌਣਾ ਘੰਟਾ ਵੀ ਜਲਦੀ ਹੀ ਲੰਘ ਗਿਆ ਜਾਪਦਾ ਸੀ। ਵਿਕਟੋਰੀਆ ਵਿਚਲੀ ਸਾਡੀ 'ਆਰਜ਼ੀ ਰਿਹਾਇਸ਼' ਇਕ ਵੱਡੇ ਪੰਜ ਬੈੱਡ-ਰੂਮਾਂ ਵਾਲੇ ਸ਼ਾਨਦਾਰ ਘਰ ਵਿੱਚ ਸੀ। ਇਹ ਕਿਸੇ ਕਾਫ਼ੀ ਅਮੀਰ ਸ਼ਖਸ ਦਾ ਘਰ ਲੱਗਦਾ ਸੀ। ਸਿਟਿੰਗ-ਰੂਮ ਤੇ ਫ਼ੈਮਲੀ-ਰੂਮ 'ਚ ਸਜੇ ਹੋਏ ਸ਼ਾਨਦਾਰ ਸੋਫ਼ੇ ਅਤੇ ਡਾਈਨਿੰਗ ਟੇਬਲ ਦੀਆਂ ਅੱਠ ਵੱਡੀਆਂ-ਖੁੱਲੀਆਂ ਕੁਰਸੀਆਂ ਇਸ ਦੀ ਭਰਪੂਰ ਗਵਾਹੀ ਭਰ ਰਹੀਆਂ ਸਨ। ਫਿਰ ਪਤਾ ਨਹੀਂ, ਏਨਾ ਖ਼ੂਬਸੂਰਤ ਘਰ ਉਸ ਸ਼ਖ਼ਸ ਨੇ ਟੂਰਿਸਟਾਂ ਨੂੰ ਇਹ ਕਿਰਾਏ ਲਈ ਕਿਉਂ ਲਗਾਇਆ ਹੋਵੇਗਾ। ਖ਼ੈਰ, ਕੋਈ ਮਜਬੂਰੀ ਵੀ ਹੋ ਸਕਦੀ ਹੈ ਅਤੇ ਇਹ ਵੀ ਹੋ ਸਕਦਾ ਹੈ ਕਿ ਉਸਨੇ ਇਹ ਆਪਣੀ ਘਰ ਵਾਧੂ ਜਾਇਦਾਦ ਵਜੋਂ ਕਿਰਾਏ 'ਤੇ ਦੇਣ ਲਈ ਹੀ ਬਣਾਇਆ ਹੋਵੇ। ਖ਼ੈਰ, ਇਹ ਉਸਦੀ ਆਪਣੀ ਸੋਚ ਸੀ ਤੇ ਸਾਡਾ ਇਸ ਦੇ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਆਪਣੇ ਬੈਗ ਵੱਖ-ਵੱਖ ਬੈੱਡ-ਰੂਮਾਂ 'ਚ ਰੱਖ ਕੇ ਨਾਲ ਲਿਆਂਦਾ ਹੋਇਆ ਖਾਣ-ਪੀਣ ਦੇ ਸਮਾਨ ਦੇ ਥੈਲੇ ਖੁੱਲ੍ਹੀ-ਡੁੱਲ੍ਹੀ ਰਸੋਈ 'ਚ ਜਾ ਟਿਕਾਏ। ਫ਼ੈਮਲੀ-ਰੂਮ 'ਚ ਬੈਠਦੇ ਸਾਰ ਸਾਰਿਆਂ ਨੂੰ ਚਾਹ ਦੀ 'ਤਲਬ' ਮਹਿਸੂਸ ਹੋਣ ਲੱਗੀ। ਬੀਬੀਆਂ ਨੇ ਲੌਂਗ-ਲਾਚੀਆਂ ਤੇ ਸੌਂਫ਼-ਜਵੈਣ ਵਾਲੀ ਚਾਹ ਬੜੀ ਸੁਆਦਲੀ ਬਣਾਈ ਅਤੇ ਚਾਹ ਦੇ ਨਾਲ 'ਨਿਕਸੁਕ' (ਸਨੈਕਸ) ਛਕਣ ਬਾਅਦ ਤਾਜ਼ਾ-ਦਮ ਹੋ ਕੇ ਸਾਰੇ ਗੱਪਸ਼ੱਪ ਲਗਾਉਣ ਲੱਗੇ। 'ਜੱਥੇ' ਦੇ ਦੋ ਨੌਜੁਆਨ ਮੈਂਬਰ ਨੇੜਲੇ ਸਟੋਰ ਤੋਂ 'ਲੋੜੀਂਦਾ ਸਮਾਨ' ਲੈਣ ਚਲੇ ਗਏ ਅਤੇ ਬਾਕੀ ਬਾਹਰ ਬਾਲਕੋਨੀ 'ਚ ਡਾਂਠੀਆਂ ਕੁਰਸੀਆਂ 'ਤੇ ਸਜ ਕੇ ਵਾਈਨ ਤੇ ਵਿਸਕੀ ਦੇ ਪੈੱਗ ਪਾ ਕੇ 'ਰੀਲੈਕਸ' ਹੋਣ ਲੱਗੇ। ਬੀਬੀਆਂ ਡਿਨਰ ਲਈ ਮਟਰ-ਪਨੀਰ ਦੀ ਸਬਜ਼ੀ ਬਨਾਉਣ ਵਿੱਚ ਰੁੱਝ ਗਈਆਂ।

ਥੋੜ੍ਹੀ ਦੇਰ ਬਾਅਦ 'ਸਮਾਨ' ਲੈਣ ਗਏ ਨੌਜੁਆਨ ਵੀ ਆ ਗਏ। ਪੈੱਗ ਪਾ ਕੇ ਉਨ੍ਹਾਂ ਨੂੰ ਵੀ ਆਪਣੇ ਨਾਲ ਰਲ਼ਾਇਆ ਅਤੇ ਉਨ੍ਹਾਂ ਵੱਲੋਂ ਲਿਆਂਦੇ ਗਏ 'ਮਸਾਲੇਦਾਰ-ਸਮਾਨ' (ਫਿਸ਼ ਤੇ ਚਿਕਨ) ਦੇ ਨਾਲ ਉਸ ਸ਼ਾਮ ਨੂੰ ਰੰਗੀਨ ਕੀਤਾ। ਦੋ ਦਿਨਾਂ ਦੇ ਰੁਝੇਵਿਆਂ ਭਰੇ ਸਫ਼ਰ ਬਾਅਦ ਇਹ ਸ਼ਾਮ 'ਰੀਲੈਕਸ' ਹੋਣ ਲਈ ਰੱਖੀ ਗਈ ਸੀ। ਪੈੱਗ-ਸ਼ੈੱਗ ਲਾ ਕੇ ਇਸ ਮਹੱਲ-ਨੁਮਾ ਘਰ ਦੇ 'ਵੱਡੇ ਡਾਈਨਿੰਗ-ਟੇਬਲ' ਦੁਆਲੇ ਲੱਗੀਆਂ ਕੁਰਸੀਆਂ' ਤੇ ਸੱਜ ਕੇ ਮਟਰ-ਪਨੀਰ ਦੀ ਸੁਆਦਲੀ ਸਬਜ਼ੀ ਨਾਲ ਖਾਣਾ ਖਾਣ ਤੋਂ ਬਾਅਦ ਵੀ ਦੇਰ ਤੱਕ ਗੱਪ-ਸ਼ੱਪ ਚੱਲਦੀ ਰਹੀ। ਫਿਰ ਯਾਦ ਆਇਆ ਕਿ ਸਵੇਰੇ ਬ੍ਰਿਟਿਸ਼ ਕੋਲੰਬੀਆ ਦੀ ਰਾਜਧਾਨੀ ਅਤੇ 'ਬੁਸ਼ਰਟ ਗਾਰਡਨਜ਼' (Butchart Gardens) ਵੀ ਵੇਖਣ ਜਾਣਾ ਹੈ। ਇਹ ਸੋਚਦਿਆਂ ਸਾਰੇ ਆਪੋ-ਆਪਣੇ ਬੈੱਡ-ਰੂਮਾਂ ਵੱਲ ਚਲੇ ਗਏ। ਦਿਨੇ ਸਾਰਾ ਦਿਨ ਸਫ਼ਰ 'ਚ ਰਹਿਣ ਕਰਕੇ ਰਾਤ ਨੀਂਦ ਵੀ ਵਾਹਵਾ ਗੂੜ੍ਹੀ ਆਈ।

ਬੀ.ਸੀ. ਦੀ ਰਾਜਧਾਨੀ ਅੰਦਰ ਫਿਰ ਕੇ ਵੇਖੀ








ਸਵੇਰੇ ਇਸ਼ਨਾਨ-ਪਾਣੀ ਕਰਕੇ ਤਿਆਰ-ਸ਼ਿਆਰ ਹੋ ਕੇ ਬਰੈੱਡ-ਆਮਲੇਟ ਦਾ ਬਰੇਕ-ਫ਼ਾਸਟ ਕੀਤਾ ਅਤੇ ਚਾਹ ਪੀ ਕੇ ਵੈਨ 'ਚ ਸਵਾਰ ਹੋ ਕੇ ਬੀ.ਸੀ. ਦੀ ਰਾਜਧਾਨੀ ਵੇਖਣ ਲਈ ਚੱਲ ਪਏ। ਆਪਣੀ ਵੈਨ ਪਾਰਕਿੰਗ 'ਚ ਪਾਰਕ ਕਰਕੇ ਰਾਜਧਾਨੀ ਦੀ ਖ਼ੂਬਸੂਰਤ ਇਮਾਰਤ ਸਾਹਮਣੇ ਪਹੁੰਚੇ। ਸਾਡੇ ਦੇਸ਼ ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਅਤੇ ਇਸਦੇ ਸੂਬਿਆਂ ਦੀਆਂ ਰਾਜਧਾਨੀਆਂ

ਟੀ.ਪੀ.ਏ.ਆਰ. ਕਲੱਬ ਨੇ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

ਗੁਰੂ ਸਾਹਿਬ ਦੇ ਜੀਵਨ ਤੇ ਸਿੱਖਿਆਵਾਂ ਬਾਰੇ ਵਿਚਾਰਾਂ ਹੋਈਆਂ ਤੇ ਮਿਲ਼ ਕੇ ਲੰਗਰ ਛਕਿਆ



ਬਰੈਂਪਟਨ, (ਡਾ. ਝੰਡ) – ਬਰੈਂਪਟਨ ਵਿੱਚ ਪਿਛਲੇ 13 ਸਾਲਾਂ ਤੋਂ ਸਫ਼ਲਤਾ ਪੂਰਵਕ ਵਿਚਰ ਰਹੀ 'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ' (ਟੀ.ਪੀ.ਏ.ਆਰ. ਕਲੱਬ) ਜਿੱਥੇ ਮੈਰਾਥਨ/ਹਾਫ਼-ਮੈਰਾਥਨ, 10 ਕਿਲੋਮੀਟਰ ਤੇ 5 ਪੰਜ ਕਿਲੋਮੀਟਰ ਦੌੜਾਂ ਅਤੇ ਸਾਲ ਵਿੱਚ ਦੋ ਵਾਰ ਸੀ.ਐੱਨ. ਟਾਵਰ ਦੀਆਂ 1776 ਪੌੜੀਆਂ ਚੜ੍ਹਨ ਦੇ ਈਵੈਂਟ ਵਿੱਚ ਸ਼ਾਮਲ ਹੋਣ ਦੀਆਂ ਆਪਣੀਆਂ ਸਰਗਰਮੀਆਂ ਨਾਲ ਲੋਕਾਂ ਨੂੰ ਸਿਹਤ ਸਬੰਧੀ ਜਾਗਰੂਕਤਾ ਦਾ ਸਾਰਥਿਕ ਸੁਨੇਹਾ ਦੇ ਰਹੀ ਹੈ, ਉੱਥੇ ਇਹ ਆਪਣੇ ਮੈਂਬਰਾਂ ਦੇ ਮਨੋਰੰਜਨ ਲਈ ਉਨ੍ਹਾਂ ਨੂੰ ਕਈ ਟੂਰਾਂ ਅਤੇ ਪਿਕਨਿਕਾਂ 'ਤੇ ਵੀ ਲਿਜਾਂਦੀ ਹੈ। ਇੱਥੇ ਹੀ ਬੱਸ ਨਹੀਂ, ਕਲੱਬ ਦੇ ਮੈਂਬਰ ਸਮੇਂ-ਸਮੇਂ ਆਉਂਦੇ ਮੌਸਮੀ ਤਿਓਹਾਰ ਵਿਸਾਖੀ, ਦੀਵਾਲੀ, ਕ੍ਰਿਸਮਸ, ਆਦਿ ਵੀ ਬੜੇ ਚਾਅ ਅਤੇ ਉਤਸ਼ਾਹ ਨਾਲ ਮਨਾਉਂਦੇ ਹਨ। ਏਸੇ ਹੀ ਲੜੀ ਵਿੱਚ ਆਸਥਾ ਤੇ ਸ਼ਰਧਾ ਦਾ ਪ੍ਰਤੀਕ ਨਵੰਬਰ ਮਹੀਨੇ ਦੌਰਾਨ ਆਉਂਦਾ ਗੁਰੂ ਨਾਨਕ ਦੇਵ ਜੀ ਦਾ ਆਗਮਨ-ਪੁਰਬ ਵੀ ਕਲੱਬ ਦੇ ਮੈਂਬਰਾਂ ਵੱਲੋਂ ਬੜੇ ਚਾਅ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਉਹ ਹਰ ਸਾਲ ਇਸ ਮਹੀਨੇ ਕਿਸੇ ਸਾਂਝੀ ਜਗ੍ਹਾ 'ਤੇ ਇਕੱਠੇ ਹੁੰਦੇ ਹਨ ਅਤੇ ਮਿਲ਼ ਕੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਦੀ ਮਹਾਨਤਾ ਬਾਰੇ ਗੱਲਬਾਤ ਸਾਂਝੀ ਕਰਦੇ ਹਨ। ਕਈ ਵਾਰ ਇਸ ਮੌਕੇ ਕਿਸੇ ਵਿਸ਼ੇਸ਼-ਬੁਲਾਰੇ ਨੂੰ ਵੀ ਆਪਣੇ ਵਿਚਾਰ ਪੇਸ਼ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ। ਉਪਰੰਤ, ਸਾਰੇ ਮੈਂਬਰ ਘਰਾਂ ਤੋਂ ਤਿਆਰ ਕੀਤਾ ਹੋਇਆ ਸਾਦਾ ਲੰਗਰ ਮਿਲ਼ ਕੇ ਛਕਦੇ ਹਨ ਅਤੇ ਗੁਰੂ ਨਾਨਕ ਦੇਵ ਜੀ ਵੱਲੋਂ ਸਦੀਆਂ ਪਹਿਲਾਂ ਚਲਾਏ ਗਏ ਲੰਗਰ ਦੀ ਮਰਿਆਦਾ ਨੂੰ ਯਾਦ ਕਰਦੇ ਹਨ।

ਇਸ ਸਾਲ ਇਹ ਗੁਰਪੁਰਬ ਭਾਵੇਂ 24 ਨਵੰਬਰ ਨੂੰ ਸੀ, ਪਰ ਕਲੱਬ ਦੇ ਮੈਂਬਰਾਂ ਵੱਲੋਂ ਇਹ ਇਸ ਤੋਂ ਦੋ ਦਿਨ ਪਹਿਲਾਂ ਲੰਘੇ ਐਤਵਾਰ 22 ਨਵੰਬਰ ਨੂੰ ਹੀ ਮਨਾ ਲਿਆ ਗਿਆ, ਕਿਉਂਕਿ ਹਫ਼ਤੇ ਦੇ ਵਿਚਲੇ ਦਿਨਾਂ 'ਚ ਕਲੱਬ ਦੇ ਬਹੁਤ ਸਾਰੇ ਮੈਂਬਰ ਆਪਣੇ ਕੰਮਾਂ 'ਤੇ ਰੁੱਝੇ ਹੁੰਦੇ ਹਨ। ਇਹ ਗੁਰਪੁਰਬ ਮਨਾਉਣ ਲਈ ਕਲੱਬ ਦੇ ਢਾਈ ਦਰਜਨ ਮੈਂਬਰ ਕਲੱਬ ਦੇ ਸਰਗਰਮ ਮੈਂਬਰ ਨਰਿੰਦਰਪਾਲ ਬੈਂਸ ਦੇ ਟੌਰਬਰਮ ਰੋਡ ਸਥਿਤ 'ਕਸਟਮਵੇਅਰ ਸ਼ੋਅਕੇਸ ਕਮ ਆਫ਼ਿਸ' ਵਿਖੇ ਬਣੇ ਕਮੇਟੀ-ਰੂਮ ਵਿਖੇ ਇਕੱਤਰ ਹੋਏ। ਕਲੱਬ ਦੇ ਕੁਝ ਮੈਂਬਰ ਲੰਗਰ ਦੇ ਲਈ ਆਪਣੇ ਘਰਾਂ ਤੋਂ ਆਪਣੇ ਨਾਲ ਪ੍ਰਸ਼ਾਦੇ, ਦਾਲ਼, ਖੀਰ ਅਤੇ ਕੜਾਹ ਬਣਾ ਕੇ ਲਿਆਏ। ਗੁਰਪੁਰਬ ਦੇ ਪ੍ਰੋਗਰਾਮ ਦਾ ਆਰੰਭ ਕਲੱਬ ਦੇ ਸਰਪ੍ਰਸਤ ਇੰਜ. ਈਸ਼ਰ ਸਿੰਘ ਵੱਲੋਂ ਇਸ ਮੌਕੇ ਗੁਰੂ ਨਾਨਕ ਦੇਵ ਜੀ ਦੇ ਆਗਮਨ ਦੀ ਖ਼ੁਸ਼ੀ ਦਰਸਾਉਣ ਨਾਲ ਕਲੱਬ ਦੀ 'ਚੜ੍ਹਦੀ-ਕਲਾ' ਲਈ ਕੀਤੀ ਗਈ ਅਰਦਾਸ ਨਾਲ ਕੀਤਾ ਗਿਆ। ਉਪਰੰਤ, ਕਲੱਬ ਦੀਆਂ ਸਰਗਰਮੀਆਂ ਵਿੱਚ ਨਿਰੰਤਰ ਭਾਗ ਲੈਣ ਵਾਲੇ ਅਤੇ ਇਸ ਨੂੰ ਵਧੀਆ ਅਗਵਾਈ ਦੇਣ ਵਾਲੇ ਸ਼ੁਰੂ ਬਰੈਂਪਟਨ ਦੀਆਂ ਸੀਨੀਅਰ ਕਲੱਬਾਂ ਦੀ 'ਛਤਰੀ ਐਸੋਸੀਏਸ਼ਨ' ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਨੇ ਕਲੱਬ ਦੇ ਮੈਂਬਰਾਂ ਨਾਲ ਗੁਰਪੁਰਬ ਦੀ ਵਧਾਈ ਸਾਂਝੀ ਕਰਦਿਆਂ ਗੁਰੂ ਨਾਨਕ ਦੇਵ ਜੀ ਨੂੰ ਸਾਰੀ ਮਨੁੱਖਤਾ ਦੇ 'ਸੱਚੇ ਰਹਿਬਰ' ਦੱਸਿਆ। ਉਨ੍ਹਾਂ ਕਿਹਾ ਕਿ ਗੁਰੂ ਜੀ 'ਇਕ ਓਂਕਾਰ ਸਤਿਨਾਮ' ਅਤੇ ਮਨੁੱਖਤਾ ਦੀ ਭਲਾਈ ਦਾ ਸੰਦੇਸ਼ ਦੇਣ ਲਈ ਨਾ ਕੇਵਲ ਭਾਰਤ ਦੇ ਵੱਖ-ਵੱਖ ਸਥਾਨਾਂ 'ਤੇ ਹੀ ਗਏ, ਸਗੋਂ ਚੌਹਾਂ ਦਿਸ਼ਾਵਾਂ ਵਿੱਚ ਕੀਤੀਆਂ ਗਈਆਂ ਆਪਣੀਆਂ ਚਾਰ ਮਹਾਨ 'ਉਦਾਸੀਆਂ' ਦੌਰਾਨ ਉਨ੍ਹਾਂ ਆਪਣਾ ਇਹ ਸੰਦੇਸ਼ ਦੁਨੀਆਂ ਦੇ ਕਈ ਹੋਰ ਦੇਸ਼ਾਂ ਵਿੱਚ ਵੀ ਪਹੁੰਚਾਇਆ।

ਆਪਣੇ ਸੰਬੋਧਨ ਦੌਰਾਨ ਇੰਜ. ਈਸ਼ਰ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੀ ਮੁਲਾਂ ਤੇ ਕਾਜ਼ੀਆਂ ਨਾਲ ਹੋਈ ਵਿਚਾਰ-ਚਰਚਾ ਨਾਲ ਸਬੰਧਿਤ ਭਾਈ ਗੁਰਦਾਸ ਜੀ ਦੀ ਪਹਿਲੀ 'ਵਾਰ' ਦੀ ਸਤਰ ''ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ'' ਨੂੰ ਆਪਣੇ ਸੰਬੋਧਨ ਦਾ ਵਿਸ਼ਾ ਬਣਾਉਂਦਿਆਂ ਮਨੁੱਖ ਨੂੰ ਜੀਵਨ ਵਿੱਚ 'ਸ਼ੁਭ ਅਮਲ' (ਚੰਗੇ ਕੰਮ) ਕਰਨ ਦੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਕਿਸੇ ਵੀ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਵਿੱਚ ਕੋਈ 'ਕਰਾਮਾਤ' ਨਹੀਂ ਵਿਖਾਈ, ਸਗੋਂ ਉਨ੍ਹਾਂ ਨੇ ਮਨੁੱਖ ਨੂੰ 'ਭਾਣਾ ਮੰਨਣ' ਦਾ ਸੰਕਲਪ ਹੀ ਦੁਹਰਾਇਆ ਹੈ।

ਡਾ. ਸੁਖਦੇਵ ਸਿੰਘ ਝੰਡ ਨੇ ਇਸ ਮੌਕੇ ਬੋਲਦਿਆਂ ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ ਦੀ ਅਜੋਕੇ ਸਮੇਂ ਵਿੱਚ ਮਹਾਨਤਾ ਅਤੇ ਇਨ੍ਹਾਂ ਦੀ ਸਾਰਥਿਕਤਾ ਦੀ ਗੱਲ ਕੀਤੀ। ਆਪਣੇ ਸੰਬੋਧਨ ਵਿੱਚ ਉਨ੍ਹਾਂ ਇਸ ਸਮੇਂ ਚੱਲ ਰਹੇ 'ਕਲਯੁਗ' ਨੂੰ 'ਛਲਯੁਗ' ਕਿਹਾ ਅਤੇ ਗੁਰੂ ਸਾਹਿਬ ਬਾਰੇ ਇੱਕ ਕਵਿਤਾ ਪੇਸ਼ ਕਰਦਿਆਂ ਹੋਇਆਂ ਉਨ੍ਹਾਂ ਨੂੰ ਇਸ 'ਛਲਯੁਗ' ਵਿੱਚ ਨਾ ਆਉਣ ਦੀ 'ਬੇਨਤੀ' ਕੀਤੀ। ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ ਕੁਝ ਮਹੱਤਵਪੂਰਨ ਘਟਨਾਵਾਂ ਬਿਆਨ ਕਰਦਿਆਂ ਹੋਇਆਂ ਹਰਚੰਦ ਸਿੰਘ ਬਾਸੀ ਨੇ ਗੁਰੂ ਸਾਹਿਬ ਵੱਲੋਂ ਮਨੁੱਖਤਾ ਨੂੰ ਸੱਚੀ-ਸੁੱਚੀ ਕਿਰਤ ਕਰਕੇ ਸੁਚੱਜਾ ਜੀਵਨ ਜਿਊਣ ਦੇ ਦਿੱਤੇ ਗਏ ਉਪਦੇਸ਼ ਦੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਗੁਰੂ ਜੀ ਨਾਲ ਸਬੰਧਿਤ ਪ੍ਰਚੱਲਤ ਸਾਖੀਆਂ ਵਿੱਚ ਸਾਖੀਕਾਰਾਂ ਵੱਲੋਂ ਉਨ੍ਹਾਂ ਦੇ ਬਾਰੇ ਬਹੁਤ ਵਧਾ-ਚੜ੍ਹਾਅ ਕੇ ਲਿਖਿਆ ਗਿਆ ਹੈ ਜੋ ਵਿਸ਼ਵਾਸ਼ਯੋਗ ਨਹੀਂ ਹੈ।

ਸਤਪਾਲ ਸਿੰਘ ਜੌਹਲ ਵੱਲੋਂ ਆਪਣੇ ਸੰਬੋਧਨ ਵਿੱਚ ਮਨੁੱਖਤਾ ਨੂੰ ਗੁਰੂ ਸਾਹਿਬ ਵੱਲੋਂ ਦਰਸਾਏ ਗਏ ਰਸਤੇ 'ਤੇ ਚੱਲਣ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਵੱਲੋਂ ਆਪਣੇ ਜੀਵਨ ਵਿੱਚ ਕੀਤੀ ਗਈਆਂ ਚਾਰ ਮਹਾਨ ਇਤਿਹਾਸਕ ਉਦਾਸੀਆਂ ਦੌਰਾਨ ਉਨ੍ਹਾਂ ਨੇ ਨਾਥਾਂ, ਜੋਗੀਆਂ, ਮੁੱਲਾਂ ਤੇ ਕਾਜ਼ੀਆਂ ਦੇ ਨਾਲ ਵਿਚਾਰ ਸਾਂਝੇ ਕਰਨ ਲਈ 'ਸੰਵਾਦ' ਦਾ ਰਸਤਾ ਅਪਨਾਇਆ ਅਤੇ ਉਨ੍ਹਾਂ ਨੂੰ ਤਰਕ ਅਤੇ ਦਲੀਲ ਨਾਲ ਪ੍ਰਭਾਵਿਤ ਕੀਤਾ। ਕਲੱਬ ਦੀ ਚੜ੍ਹਦੀ-ਕਲਾ ਦੀ ਕਾਮਨਾ ਕਰਦਿਆਂ ਹੋਇਆਂ ਉਨ੍ਹਾਂ ਵੱਲੋਂ ਇਸੇ ਸਿਰਲੇਖ 'ਚੜ੍ਹਦੀ ਕਲਾ' ਦੀ ਸ਼ਾਨਦਾਰ ਤਸਵੀਰ ਕਲੱਬ ਦੇ ਸਰਪ੍ਰਸਤ ਇੰਜ. ਈਸ਼ਰ ਸਿੰਘ ਅਤੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਨੂੰ ਭੇਂਟ ਕੀਤੀ ਗਈ। ਸਮਾਗਮ ਦੀ ਸਮਾਪਤੀ ਵੱਲ ਵੱਧਦਿਆਂ ਕਲੱਬ ਦੇ ਪ੍ਰਧਾਨ ਸੁਰਿੰਦਰ ਸਿੰਘ ਨਾਗਰਾ ਵੱਲੋਂ ਸਮੂਹ-ਬੁਲਾਰਿਆਂ ਅਤੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ ਅਤੇ ਇਸਦੇ ਨਾਲ ਹੀ ਸਾਰਿਆਂ ਨੂੰ ਲੰਗਰ ਛਕਣ ਲਈ ਬੇਨਤੀ ਕੀਤੀ ਗਈ। ਸੱਭਨਾਂ ਨੇ ਮਿਲ ਕੇ ਲੰਗਰ ਛਕਿਆ ਅਤੇ ਬਾਬਾ ਨਾਨਕ ਜੀ ਵੱਲੋਂ ਉਸ ਸਮੇਂ 20 ਰੁਪਿਆਂ ਦੇ ਰਾਸ਼ਨ ਨਾਲ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ ਲੰਗਰ ਦੀ ਮਰਿਆਦਾ ਦੇ ਆਰੰਭ ਕਰਨ ਨੂੰ ਯਾਦ ਕੀਤਾ ਗਿਆ।

ਸੰਤਰੇ ਨਾਲੋਂ ਕਈ ਗੁਣਾ ਜ਼ਿਆਦਾ ਵਿਟਾਮਿਨ-C, ਸਕਿਨ ਕੇਅਰ ਦਾ ਨਵਾਂ 'ਸੁਪਰਫੂਡ' ਹੈ ਕਾਕਾਡੂ ਬੈਰੀ



ਅੱਜ ਦੇ ਸਮੇਂ ਵਧਦੀ ਉਮਰ ਦੇ ਅਸਰ ਨੂੰ ਘੱਟ ਕਰਨਾ ਅਤੇ ਸਕਿਨ ਨੂੰ ਕੁਦਰਤੀ ਤੌਰ 'ਤੇ ਚਮਕਦਾਰ ਬਣਾਈ ਰੱਖਣਾ ਹਰ ਕਿਸੇ ਦੀ ਇੱਛਾ ਹੈ। ਮਹਿੰਗੇ ਉਤਪਾਦਾਂ ਤੇ ਟ੍ਰੀਟਮੈਂਟ ਦੀ ਬਜਾਏ ਹੁਣ ਲੋਕ ਕੁਦਰਤੀ ਚੀਜ਼ਾਂ ਵੱਲ ਤੇਜ਼ੀ ਨਾਲ ਰੁਖ ਕਰ ਰਹੇ ਹਨ। ਅਜਿਹਾ ਹੀ ਇਕ ਸੁਪਰਫੂਡ ਕਾਕਾਡੂ ਬੈਰੀ ਹੈ, ਜਿਸ ਨੂੰ ਸਕਿਨ ਲਈ ਕਿਸੇ ਵਰਦਾਨ ਤੋਂ ਘੱਟ ਨਹੀਂ ਮੰਨਿਆ ਜਾਂਦਾ। ਇਸ ਦੀ ਨਿਯਮਤ ਵਰਤੋਂ ਨਾਲ ਬਿਨਾਂ ਕੈਮੀਕਲ ਵਾਲੇ ਉਤਪਾਦਾਂ ਦੀ ਮਦਦ ਨਾਲ ਵੀ ਸਕਿਨ ਨੂੰ ਚਮਕਦਾਰ ਤੇ ਜਵਾਨ ਬਣਾਈ ਰੱਖਣ 'ਚ ਮਦਦ ਮਿਲ ਸਕਦੀ ਹੈ। ਆਓ ਜਾਣਦੇ ਹਾਂ ਇਸ ਬਾਰੇ...

ਕੀ ਹੈ ਕਾਕਾਡੂ ਬੈਰੀ ?

ਕਾਕਾਡੂ ਪਲਮ ਇਕ ਛੋਟਾ ਜਿਹਾ ਫਲ ਹੈ, ਜੋ ਆਸਟ੍ਰੇਲੀਆ 'ਚ ਪਾਇਆ ਜਾਂਦਾ ਹੈ। ਇਸ ਨੂੰ ਦੁਨੀਆ 'ਚ ਵਿਟਾਮਿਨ-C ਦਾ ਸਭ ਤੋਂ ਅਮੀਰ ਕੁਦਰਤੀ ਸਰੋਤ ਮੰਨਿਆ ਜਾਂਦਾ ਹੈ। ਇਸ 'ਚ ਸੰਤਰੇ ਨਾਲੋਂ ਵੀ ਕਈ ਗੁਣਾ ਵੱਧ ਵਿਟਾਮਿਨ-C, ਐਂਟੀਆਕਸੀਡੈਂਟਸ ਅਤੇ ਜ਼ਰੂਰੀ ਪੌਸ਼ਟਿਕ ਤੱਤ ਹੁੰਦੇ ਹਨ, ਜੋ ਚਮੜੀ ਦੀ ਮੁਰੰਮਤ ਕਰਨ ਅਤੇ ਉਸ ਦੀ ਸੁਰੱਖਿਆ ਕਰਨ 'ਚ ਮਦਦ ਕਰਦੇ ਹਨ। ਇਹੀ ਕਾਰਨ ਹੈ ਕਿ ਅੱਜਕੱਲ੍ਹ ਇਸ ਦੀ ਵਰਤੋਂ ਕਈ ਸਕਿਨ ਕੇਅਰ ਉਤਪਾਦਾਂ 'ਚ ਵੀ ਕੀਤੀ ਜਾ ਰਹੀ ਹੈ।

ਕਾਕਾਡੂ ਬੈਰੀ ਦੇ ਐਂਟੀ-ਏਜਿੰਗ ਤੇ ਸਕਿੰਨ ਲਈ ਫਾਇਦੇ

ਕੋਲੇਜਨ ਵਧਾ ਕੇ ਝੁਰੜੀਆਂ ਘਟਾਏ : ਕਾਕਾਡੂ ਬੇਰੀ 'ਚ ਮੌਜੂਦ ਵਿਟਾਮਿਨ-C ਚਮੜੀ 'ਚ ਕੋਲੇਜਨ ਦੇ ਉਤਪਾਦਨ ਨੂੰ ਵਧਾਉਣ 'ਚ ਮਦਦ ਕਰਦਾ ਹੈ। ਇਸ ਨਾਲ ਸਕਿਨ 'ਚ ਕਸਾਅ ਬਣਿਆ ਰਹਿੰਦਾ ਹੈ ਅਤੇ ਬਰੀਕ ਲਕੀਰਾਂ ਤੇ ਝੁਰੜੀਆਂ ਘਟਾਉਣ 'ਚ ਮਦਦ ਮਿਲ ਸਕਦੀ ਹੈ।

ਸਕਿਨ ਨੂੰ ਦਿੰਦੈ ਕੁਦਰਤੀ ਨਿਖਾਰ : ਇਸ 'ਚ ਮੌਜੂਦ ਐਂਟੀਆਕਸੀਡੈਂਟਸ ਚਮੜੀ ਨੂੰ ਸਿਹਤਮੰਦ ਰੱਖਣ 'ਚ ਮਦਦ ਕਰਦੇ ਹਨ। ਇਸ ਨਾਲ ਚਿਹਰਾ ਸਾਫ਼, ਤਾਜ਼ਾ ਅਤੇ ਕੁਦਰਤੀ ਤੌਰ 'ਤੇ ਚਮਕਦਾਰ ਦਿਖਾਈ ਦੇ ਸਕਦਾ ਹੈ।

ਪਿਗਮੈਂਟੇਸ਼ਨ ਤੇ ਕਾਲੇ ਧੱਬਿਆਂ ਲਈ ਫਾਇਦੇਮੰਦ : ਇਹ ਸਕਿਨ ਦੇ ਰੰਗ ਨੂੰ ਇਕਸਾਰ ਬਣਾਉਣ 'ਚ ਮਦਦ ਕਰ ਸਕਦਾ ਹੈ। ਇਸ ਨਾਲ ਦਾਗ-ਧੱਬੇ, ਟੈਨਿੰਗ ਤੇ ਪਿਗਮੈਂਟੇਸ਼ਨ ਘਟਾਉਣ 'ਚ ਸਹਾਇਤਾ ਮਿਲ ਸਕਦੀ ਹੈ।

ਫ੍ਰੀ ਰੈਡੀਕਲਸ ਤੋਂ ਕਰਦਾ ਹੈ ਬਚਾਅ : ਵਾਤਾਵਰਨ ਪ੍ਰਦੂਸ਼ਣ ਅਤੇ ਸੂਰਜ ਦੀਆਂ ਕਿਰਨਾਂ ਕਾਰਨ ਚਮੜੀ ਨੂੰ ਨੁਕਸਾਨ ਪਹੁੰਚਦਾ ਹੈ। ਕਾਕਾਡੂ ਪਲਮ 'ਚ ਮੌਜੂਦ ਐਂਟੀਆਕਸੀਡੈਂਟਸ ਫ੍ਰੀ ਰੈਡੀਕਲਸ ਨਾਲ ਲੜ ਕੇ ਚਮੜੀ ਨੂੰ ਸਮੇਂ ਤੋਂ ਪਹਿਲਾਂ ਬੁੱਢਾ ਹੋਣ ਤੋਂ ਬਚਾਉਣ 'ਚ ਮਦਦ ਕਰਦੇ ਹਨ।

ਸਕਿਨ ਨੂੰ ਰੱਖਦੈ ਹਾਈਡ੍ਰੇਟਿਡ ਤੇ ਨਰਮ : ਇਹ ਸਕਿਨ 'ਚ ਨਮੀ ਬਣਾਈ ਰੱਖਣ 'ਚ ਮਦਦ ਕਰ ਸਕਦਾ ਹੈ, ਜਿਸ ਨਾਲ ਸਕਿਨ ਖੁਸ਼ਕ ਨਹੀਂ ਹੁੰਦੀ ਤੇ ਲੰਬੇ ਸਮੇਂ ਤੱਕ ਨਰਮ ਤੇ ਮੁਲਾਇਮ ਬਣੀ ਰਹਿੰਦੀ ਹੈ।

ਮੁਹਾਸਿਆਂ ਤੇ ਸਕਿਨ ਦੀ ਲਾਗ 'ਚ ਮਦਦਗਾਰ: ਇਸ ਦੇ ਐਂਟੀਬੈਕਟੀਰੀਅਲ ਗੁਣ ਮੁਹਾਸਿਆਂ ਅਤੇ ਸਕਿਨ ਦੀ ਲਾਗ ਨੂੰ ਘੱਟ ਕਰਨ 'ਚ ਮਦਦਗਾਰ ਹੋ ਸਕਦੇ ਹਨ। ਇਸ ਨਾਲ ਸਕਿਨ ਨੂੰ ਸਾਫ਼ ਤੇ ਸਿਹਤਮੰਦ ਰੱਖਣ 'ਚ ਮਦਦ ਮਿਲਦੀ ਹੈ।

ਕਾਕਾਡੂ ਬੇਰੀ ਦੀ ਵਰਤੋਂ ਕਿਵੇਂ ਕਰੀਏ?

– ਕਾਕਾਡੂ ਬੇਰੀ ਦੇ ਪਾਊਡਰ 'ਚ ਗੁਲਾਬ ਜਲ ਮਿਲਾ ਕੇ ਫੇਸ ਪੈਕ ਬਣਾਓ।
– ਇਸ ਦੇ ਐਕਸਟ੍ਰੈਕਟ ਵਾਲੇ ਸੀਰਮ ਜਾਂ ਮਾਇਸਚਰਾਈਜ਼ਰ ਦੀ ਵਰਤੋਂ ਕਰੋ।
– ਹਫ਼ਤੇ 'ਚ 2-3 ਵਾਰ ਇਸ ਦੀ ਵਰਤੋਂ ਕਰਨ ਨਾਲ ਬਿਹਤਰ ਨਤੀਜੇ ਮਿਲ ਸਕਦੇ ਹਨ।

ਕੱਚੀ ਨਹੀਂ, ਤਵੇ 'ਤੇ ਹਲਕੀ ਭੁੰਨ ਕੇ ਖਾਓ ਅਲਸੀ !



ਅੱਜਕੱਲ੍ਹ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਲਈ ਲੋਕ ਆਪਣੀ ਰੋਜ਼ਾਨਾ ਦੀ ਰੁਟੀਨ 'ਚ ਛੋਟੇ-ਛੋਟੇ ਬਦਲਾਅ ਕਰ ਰਹੇ ਹਨ। ਅਜਿਹੇ 'ਚ ਅਲਸੀ ਦੇ ਬੀਜ ਇਕ ਬਿਹਤਰੀਨ ਸੁਪਰਫੂਡ ਵਜੋਂ ਉੱਭਰ ਕੇ ਸਾਹਮਣੇ ਆਏ ਹਨ। ਇਨ੍ਹਾਂ ਦੀ ਖ਼ਾਸ ਗੱਲ ਇਹ ਹੈ ਕਿ ਜਦੋਂ ਇਨ੍ਹਾਂ ਨੂੰ ਹਲਕਾ ਭੁੰਨ ਕੇ ਖਾਧਾ ਜਾਂਦਾ ਹੈ ਤਾਂ ਇਨ੍ਹਾਂ ਦਾ ਸਵਾਦ ਨੱਟੀ ਅਤੇ ਕਰਿਸਪੀ ਹੋ ਜਾਂਦਾ ਹੈ।

ਇਸ ਦੇ ਨਾਲ ਹੀ ਇਨ੍ਹਾਂ ਨੂੰ ਪਚਾਉਣਾ ਵੀ ਆਸਾਨ ਹੋ ਜਾਂਦਾ ਹੈ। ਓਮੇਗਾ-3 ਫੈਟੀ ਐਸਿਡ, ਫਾਈਬਰ, ਪ੍ਰੋਟੀਨ ਅਤੇ ਐਂਟੀਆਕਸੀਡੈਂਟਸ ਨਾਲ ਭਰਪੂਰ ਅਲਸੀ ਸਰੀਰ ਨੂੰ ਅੰਦਰੋਂ ਮਜ਼ਬੂਤ ਬਣਾਉਣ 'ਚ ਮਦਦ ਕਰਦੀ ਹੈ। ਆਓ ਜਾਣਦੇ ਹਾਂ ਭੁੰਨੀ ਹੋਈ ਅਲਸੀ ਖਾਣ ਦੇ ਫਾਇਦਿਆਂ ਬਾਰੇ।

ਭੁੰਨੀ ਹੋਈ ਅਲਸੀ ਖਾਣ ਦੇ ਫਾਇਦੇ

ਦਿਲ ਦੀ ਸਿਹਤ ਲਈ ਫਾਇਦੇਮੰਦ : ਭੁੰਨੀ ਹੋਈ ਅਲਸੀ 'ਚ ਮੌਜੂਦ ਓਮੇਗਾ-3 ਫੈਟੀ ਐਸਿਡ ਅਤੇ ਲਿਗਨਾਨ ਦਿਲ ਨੂੰ ਸਿਹਤਮੰਦ ਰੱਖਣ 'ਚ ਮਦਦ ਕਰਦੇ ਹਨ। ਇਹ ਮਾੜੇ ਕੋਲੈਸਟ੍ਰੋਲ (LDL) ਨੂੰ ਘਟਾਉਣ ਅਤੇ ਚੰਗੇ ਕੋਲੈਸਟ੍ਰੋਲ (HDL) ਨੂੰ ਵਧਾਉਣ 'ਚ ਸਹਾਇਕ ਹੋ ਸਕਦੀ ਹੈ, ਜਿਸ ਨਾਲ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਘਟ ਸਕਦਾ ਹੈ।

ਪਾਚਨ ਤੰਤਰ ਨੂੰ ਬਣਾਏ ਮਜ਼ਬੂਤ : ਅਲਸੀ 'ਚ ਮੌਜੂਦ ਫਾਈਬਰ ਅੰਤੜੀਆਂ ਦੀ ਸਿਹਤ ਲਈ ਫਾਇਦੇਮੰਦ ਹੁੰਦਾ ਹੈ। ਇਹ ਕਬਜ਼, ਗੈਸ ਅਤੇ ਬਦਹਜ਼ਮੀ ਵਰਗੀਆਂ ਸਮੱਸਿਆਵਾਂ ਤੋਂ ਰਾਹਤ ਦਿਵਾਉਣ 'ਚ ਮਦਦ ਕਰ ਸਕਦਾ ਹੈ।

ਭਾਰ ਘਟਾਉਣ 'ਚ ਸਹਾਇਕ : ਭਾਰ ਘਟਾਉਣ ਦੀ ਕੋਸ਼ਿਸ਼ ਕਰ ਰਹੇ ਲੋਕਾਂ ਦੀ ਡਾਈਟ 'ਚ ਭੁੰਨੀ ਹੋਈ ਅਲਸੀ ਚੰਗਾ ਬਦਲ ਹੋ ਸਕਦੀ ਹੈ। ਇਸ 'ਚ ਮੌਜੂਦ ਫਾਈਬਰ ਲੰਬੇ ਸਮੇਂ ਤੱਕ ਪੇਟ ਭਰਿਆ ਹੋਣ ਦਾ ਅਹਿਸਾਸ ਕਰਵਾਉਂਦਾ ਹੈ, ਜਿਸ ਨਾਲ ਵਾਰ-ਵਾਰ ਭੁੱਖ ਲੱਗਣ ਅਤੇ ਜ਼ਿਆਦਾ ਖਾਣ ਤੋਂ ਬਚਿਆ ਜਾ ਸਕਦਾ ਹੈ।

ਚਮੜੀ ਨੂੰ ਬਣਾਏ ਚਮਕਦਾਰ : ਅਲਸੀ ਦੇ ਬੀਜਾਂ 'ਚ ਮੌਜੂਦ ਐਂਟੀਆਕਸੀਡੈਂਟਸ ਅਤੇ ਸਿਹਤਮੰਦ ਫੈਟਸ ਚਮੜੀ ਨੂੰ

ਰਾਸ਼ੀਫਲ



ਮੇਸ਼ : ਤੁਹਾਡੇ ਅਣਚਾਹੀਆਂ ਸਥਿਤੀਆਂ ਵਿੱਚ ਪੈਣ ਦੀ ਕਾਫੀ ਸੰਭਾਵਨਾ ਹੈ। ਹਾਲਾਂਕਿ, ਤੁਸੀਂ ਲੜਾਈ ਕਰਨੀ ਚਾਹ ਸਕਦੇ ਹੋ, ਅਜਿਹਾ ਕਰਨ ਤੋਂ ਬਚੋ, ਕਿਉਂਕਿ ਹੋ ਸਕਦਾ ਹੈ ਕਿ ਇਹ ਤੁਹਾਡੇ ਹੱਕ ਵਿੱਚ ਨਾ ਜਾਵੇ। ਆਰਾਮ ਕਰਨ ਲਈ ਥੋੜ੍ਹਾ ਸਮਾਂ ਕੱਢੋ ਕਿਉਂਕਿ ਭਾਵੇਂ ਤੁਸੀਂ ਜੋ ਵੀ ਕਰਦੇ ਹੋ, ਇਹ ਸੰਭਾਵਨਾਵਾਂ ਹਨ ਕਿ ਚੀਜ਼ਾਂ ਤੁਹਾਡੇ ਅਨੁਸਾਰ ਨਾ ਹੋਣ।

ਵ੍ਰਿਸ਼ਭ : ਅੱਜ ਜ਼ਿਆਦਾ ਨਾ ਸੋਚਣ ਅਤੇ ਜ਼ਿਆਦਾ ਤਣਾਅ ਨਾ ਲੈਣ ਦੀ ਕੋਸ਼ਿਸ਼ ਕਰੋ। ਤੁਹਾਡਾ ਅਧਿਕਾਰ ਜਤਾਉਣ ਦਾ ਸੁਭਾਅ ਅਤੇ ਗੁੱਸਾ ਬੇਲੋੜੀਆਂ ਲੜਾਈਆਂ ਦਾ ਕਾਰਨ ਬਣ ਸਕਦਾ ਹੋ। ਤੁਸੀਂ ਆਤਮ-ਵਿਸ਼ਲੇਸ਼ਣ ਕਰਨ ਦੀ ਸੋਚ ਸਕਦੇ ਹੋ, ਕਿਉਂਕਿ ਇਹੀ ਇਕਲੌਤਾ ਤਰੀਕਾ ਹੈ ਜਿਸ ਨਾਲ ਤੁਹਾਨੂੰ ਤੁਹਾਡੀਆਂ ਜ਼ਿਆਦਾਤਰ ਸਮੱਸਿਆਵਾਂ ਦੇ ਹੱਲ ਮਿਲ ਸਕਦੇ ਹਨ।

ਮਿਥੁਨ : ਇਹ ਸੰਭਾਵਨਾਵਾਂ ਹਨ ਕਿ ਅੱਜ ਤੁਸੀਂ ਬਹੁਤ ਥੱਕੇ ਮਹਿਸੂਸ ਕਰ ਸਕਦੇ ਹੋ, ਪਰ ਇਸ ਤੋਂ ਪ੍ਰਭਾਵਿਤ ਨਾ ਹੋਵੋ ਕਿਉਂਕਿ ਤੁਹਾਡੇ ਪਿਆਰਿਆਂ ਨੂੰ ਇਸ ਦੀ ਚੋਟ ਸਹਿਣੀ ਪੈ ਸਕਦੀ ਹੈ। ਤੁਹਾਡੀਆਂ ਭਾਵਨਾਵਾਂ ਨੂੰ ਕਾਬੂ ਵਿੱਚ ਰੱਖੋ ਕਿਉਂਕਿ ਤੁਹਾਡੇ ਗੁੱਸੇ ਕਾਰਨ ਬੇਲੋੜੀਆਂ ਬਹਿਸਾਂ ਸ਼ੁਰੂ ਹੋ ਸਕਦੀਆਂ ਹਨ ਜੋ ਦੂਜਿਆਂ ਨੂੰ ਤਕਲੀਫ ਦੇ ਸਕਦੀਆਂ ਹਨ। ਤੁਸੀਂ ਪੂਰਾ ਦਿਨ ਆਪਣੇ ਆਪ 'ਤੇ ਕਾਬੂ ਰੱਖ ਕੇ ਵਧੀਆ ਪ੍ਰਦਰਸ਼ਨ ਕਰ ਸਕਦੇ ਹੋ।

ਕਰਕ : ਰੱਬ ਦੀਆਂ ਰਹਿਮਤਾਂ ਅੱਜ ਤੁਹਾਨੂੰ ਸਫਲਤਾ ਪਾਉਣ ਵਿੱਚ ਮਦਦ ਕਰਨਗੀਆਂ। ਇਹ ਵਿਦਿਆਰਥੀਆਂ ਲਈ ਅਧੂਰੇ ਪਏ ਕੰਮਾਂ ਨੂੰ ਪੂਰੇ ਕਰਨ ਅਤੇ ਦੂਜਿਆਂ ਨਾਲੋਂ ਬਿਹਤਰ ਕਰਨ ਦਾ ਸੁਨਹਿਰੀ ਮੌਕਾ ਲੱਗ ਰਿਹਾ ਹੈ। ਅੱਜ ਕਲਪਨਾ ਜੰਗਲੀ ਅੱਗ ਵਾਂਗ ਬਲਦੀ ਨਜ਼ਰ ਆ ਰਹੀ ਹੈ ਅਤੇ ਸਭ ਕੁਝ ਤੁਹਾਡੇ ਅਨੁਸਾਰ ਹੁੰਦਾ ਪ੍ਰਤੀਤ ਹੋ ਰਿਹਾ ਹੈ।

ਸਿੰਘ: ਤੁਸੀਂ ਘਰ ਵਿਚਲੇ ਮਾਮਲਿਆਂ ਵੱਲ ਜ਼ਿਆਦਾ ਧਿਆਨ ਦੇਵੋਗੇ। ਤੁਸੀਂ ਘਰ ਦੀ ਮੁਰੰਮਤ ਕਰਵਾ ਸਕਦੇ ਹੋ। ਇੱਥੋਂ ਤੱਕ ਕਿ ਤੁਸੀਂ ਆਪਣੇ ਘਰ ਵਿਚਲਾ ਸਾਰਾ ਫਰਨੀਚਰ ਵੀ ਬਦਲਵਾ ਸਕਦੇ ਹੋ। ਤੁਸੀਂ ਅੱਜ ਦਾ ਦਿਨ ਆਪਣੇ ਪਰਿਵਾਰ ਦੇ ਜੀਆਂ ਅਤੇ ਦੋਸਤਾਂ ਨਾਲ ਮਜ਼ਾ ਕਰਦੇ ਬਿਤਾਓਗੇ।

ਕੰਨਿਆ : ਜੋ ਭਾਵਨਾਵਾਂ ਤੁਹਾਡੇ ਦਿਲ ਦੇ ਅੰਦਰ ਬੰਦ ਸਨ ਉਹ ਅੱਜ ਬਾਹਰ ਆ ਸਕਦੀਆਂ ਹਨ। ਤੁਸੀਂ ਆਪਣੀਆਂ ਵਸਤੂਆਂ ਨਾਲ ਭਾਵਨਾਤਮਕ ਸੰਬੰਧ ਸਥਾਪਿਤ ਕਰ ਸਕਦੇ ਹੋ। ਹਾਲਾਂਕਿ, ਜੇ ਤੁਹਾਨੂੰ ਆਪਣਾ ਆਲਾ-ਦੁਆਲਾ ਸਹਾਈ ਨਹੀਂ ਲੱਗ ਰਿਹਾ ਹੈ ਤਾਂ ਤੁਸੀਂ ਬਹੁਤ ਬੇਚੈਨ ਮਹਿਸੂਸ ਕਰੋਗੇ।

ਤੁਲਾ : ਕੇਂਦਰੀ ਮੰਚ ਉਹ ਜਗ੍ਹਾ ਹੈ, ਜਿੱਥੇ ਅੱਜ ਤੁਸੀਂ ਹੋਣੇ ਚਾਹੀਦੇ ਹੋ, ਜਦਕਿ ਤੁਹਾਡੇ ਆਲੇ-ਦੁਆਲੇ ਦੇ ਸਾਰੇ ਲੋਕ ਵਿਚਾਰਾਂ ਅਤੇ ਇਨਾਮਾਂ ਲਈ ਤੁਹਾਡੀ ਤਰੀਫ ਕਰ ਰਹੇ ਹੋਣਗੇ। ਤੁਸੀਂ ਨਵੇਂ ਉੱਦਮਾਂ 'ਤੇ ਕੰਮ ਕਰਨਾ ਸ਼ੁਰੂ ਕਰਨ ਲਈ ਸੁਨਹਿਰੀ ਮੌਕਾ ਲੱਭ ਸਕਦੇ ਹੋ। ਜੇਕਰ ਤੁਸੀਂ ਆਪਣਾ ਸਵੈ-ਵਿੱਤੀ ਸੁਪਨਾ ਪੂਰਾ ਕਰਨ ਲਈ ਆਪਣੇ ਖੁਦ ਦੇ ਬੌਸ ਬਣਨਾ ਚਾਹੁੰਦੇ ਵਿਅਕਤੀ ਹੋ, ਤਾਂ ਇਹ ਸਮਾਂ ਬਹੁਤ ਹਿੱਤਕਾਰੀ ਲੱਗ ਰਿਹਾ ਹੈ।

ਵ੍ਰਿਸ਼ਚਿਕ : ਫਲਾਂ ਦੀ ਚਿੰਤਾ ਕੀਤੇ ਬਿਨ੍ਹਾਂ ਸਖਤ ਮਿਹਨਤ ਕਰਨੀ ਜਾਰੀ ਰੱਖੋ। ਕੰਮ ਦੇ ਮਾਮਲਿਆਂ ਵਿੱਚ ਹਮੇਸ਼ਾ ਸੁਚੇਤ ਰਹੋ। ਜੇ ਤੁਹਾਡਾ ਕੋਈ ਸਾਂਝਾ ਉੱਦਮ ਹੈ, ਤਾਂ ਤੁਹਾਨੂੰ ਸਬਰ ਰੱਖਣ ਅਤੇ ਤੁਹਾਡੀਆਂ ਕੋਸ਼ਿਸ਼ਾਂ ਸਵੀਕਾਰੀਆਂ ਜਾਣ ਲਈ ਉਡੀਕ ਕਰਨ ਦੀ ਲੋੜ ਪੈ ਸਕਦੀ ਹੈ।

ਧਨੁ : ਤੁਹਾਡੇ ਆਲੇ-ਦੁਆਲੇ ਦੇ ਮਦਦਗਾਰ ਵਿਅਕਤੀ ਤੁਹਾਨੂੰ ਬੇਲੋੜੀ, ਪਰ ਕੀਮਤੀ ਸਲਾਹ ਦੇ ਸਕਦੇ ਹਨ। ਇਸ ਨੂੰ ਇੱਕ ਸੰਕੇਤ ਦੇ ਤੌਰ ਤੇ ਲਓ, ਅਤੇ ਇਸ ਨੂੰ ਆਪਣੀ ਭਲਾਈ ਲਈ ਲੈ ਕੇ ਚੱਲੋ। ਸਲਾਹ 'ਤੇ ਵਿਚਾਰ ਕਰਨ ਤੋਂ ਬਾਅਦ ਹੀ ਆਪਣਾ ਫੈਸਲਾ ਲਓ, ਅਤੇ ਇਹ ਬਿਨ੍ਹਾਂ ਸ਼ੱਕ ਲਾਭ ਦੇਵੇਗਾ।

ਮਕਰ : ਤੁਹਾਡਾ ਦਿਨ ਵਧੀਆ ਜਾਂਦਾ ਪ੍ਰਤੀਤ ਹੋ ਰਿਹਾ ਹੈ ਅਤੇ ਜਲਦ ਹੀ ਤੁਸੀਂ ਆਪਣੀਆਂ ਸਮਰੱਥਾਵਾਂ ਨਾਲ ਸਾਰਿਆਂ ਨੂੰ ਹੈਰਾਨ ਕਰੋਗੇ। ਤੁਸੀਂ ਆਪਣੀ ਉਤਪਾਦਕਤਾ ਨੂੰ ਵਧਾਉਣ ਲਈ ਸੰਭਾਵਿਤ ਤੌਰ ਤੇ ਆਪਣੇ ਕੰਮ ਕਰਨ ਦੇ ਤਰੀਕੇ ਬਦਲ ਸਕਦੇ ਹੋ। ਵਧੇ ਆਤਮ-ਵਿਸ਼ਵਾਸ ਦੇ ਨਾਲ, ਵਧੀਆ ਨਤੀਜਿਆਂ ਨਾਲ ਤੁਹਾਡਾ ਦਿਨ ਕਾਫੀ ਵਧੀਆ ਲੱਗ ਰਿਹਾ ਹੈ।

ਕੁੰਭ : ਜ਼ਿੰਦਗੀ ਦੇ ਵੱਖ-ਵੱਖ ਖੇਤਰਾਂ ਦੇ ਲੋਕਾਂ ਨੂੰ ਮਿਲਣਾ, ਉਹਨਾਂ ਨਾਲ ਵਧੀਆ ਗੱਲਬਾਤ ਕਰਨਾ ਅਤੇ ਆਪਣੇ ਗਿਆਨ ਦੇ ਖੇਤਰ ਦਾ ਦਾਇਰਾ ਵਧਾਉਣਾ – ਇਹ ਤੁਹਾਡੇ ਲਈ ਅੱਜ ਦੇ ਦਿਨ ਦੀ ਮੁੱਖ ਸੁਰਖੀ ਹੋਵੇਗੀ। ਤੁਸੀਂ ਆਪਣੀਆਂ ਊਰਜਾਵਾਂ ਦੀ ਪੂਰੀ ਵਰਤੋਂ ਕਰੋਗੇ, ਪਰ ਇਹ ਤੁਹਾਨੂੰ ਥਕਾ ਵੀ ਸਕਦੀਆਂ ਹਨ।

ਮੀਨ : ਸੁਚੇਤ ਰਹੋ, ਕਿਉਂਕਿ ਅੱਜ ਤੁਹਾਡੇ ਜੀਵਨ ਵਿੱਚ ਵਧੀਆ ਪਲ ਆ ਸਕਦਾ ਹੈ। ਵਿਪਰੀਤ ਲਿੰਗ ਵਾਲਾ ਕੋਈ ਤੁਹਾਡੀ ਖੁਸ਼ਾਮਦ ਵੀ ਕਰ ਸਕਦਾ ਹੈ। ਤੁਹਾਡੇ ਗ੍ਰਹਿ ਦੀ ਸਥਿਤੀ ਤੁਹਾਨੂੰ ਤੁਹਾਡੀ ਸੋਚ ਤੋਂ ਵੀ ਜ਼ਿਆਦਾ ਹਾਸਿਲ ਕਰਨ ਵਿੱਚ ਮਦਦ ਕਰੇਗੀ। ਹਾਲਾਂਕਿ ਤੁਸੀਂ ਕਾਫੀ ਸਾਵਧਾਨ ਹੋ, ਤੁਹਾਡਾ ਮਾਰਖੋਰਾ ਸੁਭਾਅ ਤੁਹਾਨੂੰ ਜੋਖਮ ਚੁੱਕਣ ਵੱਲ ਲੈ ਕੇ ਜਾ ਸਕਦਾ ਹੈ।

ਮਲੂਕ ਸਿੰਘ ਕਾਹਲੋਂ ਦੀ ਕਾਵਿ-ਪੁਸਤਕ

'ਸੁਭਿ ਅਮਲਾ ਬਾਝਹੁ' ਬਾਰੇ ਕੁਝ ਵਿਚਾਰ



ਮਲੂਕ ਸਿੰਘ ਕਾਹਲੋਂ ਦੀ ਕਵਿਤਾ ਉਸ ਦੇ ਜੀਵਨ ਨਾਲ਼ ਮੋਹ, ਰੋਹ ਤੇ ਵਿਦਰੋਹ ਦੀ ਸਪਸ਼ਟ ਨਿਸ਼ਾਨਦੇਹੀ ਕਰਦੀ ਹੈ। ਉਹ ਖਾਲਕ ਦੇ ਨਾਲ਼-ਨਾਲ਼ ਖਲਕਤ ਨਾਲ਼ ਬਹੁਤ ਮੋਹ ਕਰਦਾ ਹੈ। ਖਲਕਤ ਦੇ ਭਲੇ ਲਈ ਹਰ ਵੇਲ਼ੇ ਅਰਦਾਸ ਕਰਦਾ ਹੈ। ਜੋ ਵੀ ਤੇ ਜਦੋਂ ਵੀ ਹਾਕਮ-ਦਾਕਮ ਆਮ ਲੋਕਾਂ ਦੀਆਂ ਖੁਸ਼ੀਆਂ ਦੇ ਵਿਰੋਧੀ ਬਣਦੇ ਹਨ ਤਾਂ ਕਾਹਲ਼ੋਂ ਕੇਵਲ ਰੋਹ ਵਿੱਚ ਹੀ ਨਹੀਂ ਆਉਂਦਾ ਸਗੋਂ ਸਮੇਂ ਦੇ ਮਾਨਵ ਵਿਰੋਧੀ ਪਰਬੰਧ ਦਾ ਵਿਦਰੋਹ ਕਰਨ ਤੋਂ ਵੀ ਉਹ ਪਿੱਛੇ ਨਹੀਂ ਹਟਦਾ।

ਕਿਰਪਾਲ ਸਿੰਘ ਪੰਨੂ

ਪੰਜਾਬ ਦੇ ਮਿਹਨਤੀ ਤੇ ਸਿਰੜੀ ਕਿਸਾਨਾਂ ਦੇ ਜਜ਼ਬੇ ਤੇ ਉਨ੍ਹਾਂ ਦੇ ਪਹਾੜ ਜਿੱਡੇ ਹੌਸਲੇ ਦਾ ਵੀ ਜ਼ਿਕਰ ਕਵਿਤਾ ਵਿੱਚ ਮਿਲਦਾ ਹੈ। ਸਮਾਜਕ ਵਿਕਾਸ ਵਿੱਚ ਅਹਿਮ ਯੋਗਦਾਨ ਪਾਉਣ ਵਾਲੇ ਮਜ਼ਦੂਰ ਦੀ ਕਿਰਤ ਨੂੰ ਕਵੀ ਨੇ ਖ਼ੂਬਸੂਰਤ ਸ਼ਬਦਾਂ ਵਿੱਚ ਵਡਿਆਇਆ ਹੈ। ਗਿਸ਼ਤਿਆਂ ਦੇ ਬਦਲਦੇ ਸਮੀਕਰਨ ਵੀ ਕਵਿਤਾ ਵਿੱਚ ਮਿਲਦੇ ਹਨ।

ਡਾ. ਨਵਜੋਤ ਕੌਰ

ਮਲੂਕ ਸਿੰਘ ਕਾਹਲੋਂ ਦੀ ਕਾਵਿ-ਦ੍ਰਿਸ਼ਟੀ ਵਿੱਚ ਵਿਰੋਧ, ਨਾਬਰੀ ਅਤੇ ਜਬਰ ਦੇ ਖ਼ਿਲਾਫ਼ ਆਵਾਜ਼ ਮਹੱਤਵਪੂਰਨ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿੱਚ ਮਨੁੱਖੀ ਬਰਾਬਰੀ, ਇਨਸਾਫ਼ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਮਿਲਦੀ ਹੈ। ਉਨ੍ਹਾਂ ਦੀ ਕਵਿਤਾ ਬਾਰੇ ਹੋਈ ਚਰਚਾ ਵਿੱਚ ਵੀ ਇਹ ਗੱਲ ਸਾਹਮਣੇ ਆਈ ਹੈ ਕਿ ਉਨ੍ਹਾਂ ਦੀ ਰਚਨਾ ਸਮਾਜਿਕ ਅਨਿਆਂ ਅਤੇ ਸ਼ੋਸ਼ਣ ਦੇ ਵਿਰੁੱਧ ਮਨੁੱਖ ਨੂੰ ਜਾਗਰੂਕ ਕਰਨ ਵਾਲੀ ਚੇਤਨਾ ਪੈਦਾ ਕਰਦੀ ਹੈ।

ਪ੍ਰੋ. ਕੁਲਜੀਤ ਕੌਰ

ਭਾਈ ਗੁਰਦਾਸ ਜੀ ਦੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਵਾਰ ਪਹਿਲੀ ਦੀ ਪਉੜੀ 33 ਵਿੱਚ ਉਚਾਰੀ ਗਈ ਤੁਕ 'ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ' ਦੇ ਆਧਾਰਿਤ ਇਸ ਪੁਸਤਕ ਦੇ ਸਿਰਲੇਖ ਦੇ ਸਿਰਲੇਖ 'ਸੁਭਿ ਅਮਲਾ ਬਾਝਹੁ' ਹੇਠ ਆਈ ਇਹ ਮਲੂਕ ਸਿੰਘ ਕਾਹਲੋਂ ਦੀ ਚੌਥੀ ਕਾਵਿ-ਪੁਸਤਕ ਹੈ। ਇਸ ਤੋਂ ਪਹਿਲਾਂ ਮਲੂਕ ਸਿੰਘ ਦੀਆਂ ਕਵਿਤਾਵਾਂ ਦੀਆਂ ਤਿੰਨ ਪੁਸਤਕਾਂ 'ਲੋਕ ਵੇਦਨਾ' (2010), 'ਵਿਰਸੇ ਦੇ ਵਾਰਸ' (2014) ਅਤੇ 'ਕੂਕ ਫ਼ਕੀਰਾ ਕੂਕ ਤੂੰ' (2024) ਪੰਜਾਬੀ ਪਾਠਕਾਂ ਕੋਲ ਪਹੁੰਚ ਚੁੱਕੀਆਂ ਹਨ, ਜਿਨ੍ਹਾਂ ਨੂੰ ਉਨ੍ਹਾਂ ਵੱਲੋਂ ਚੰਗਾ ਹੁੰਗਾਰਾ ਮਿਲਿਆ ਹੈ। ਕਵਿਤਾ ਲਿਖਣ ਸਮੇਂ ਮਲੂਕ ਸਿੰਘ ਆਪਣੇ ਨਾਂ ਦੇ ਨਾਲ ਜੁੜੇ ਜਾਤੀਵਾਦ ਸ਼ਬਦ 'ਕਾਹਲੋਂ' ਦੀ ਵਰਤੋਂ ਨਹੀਂ ਕਰਦਾ ਅਤੇ ਇਸ ਤੋਂ ਦੂਰ ਰਹਿ ਕੇ ਕਵਿਤਾ ਦੀ ਸਿਰਜਣਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਸ ਦੀਆਂ ਕਵਿਤਾਵਾਂ ਦੇ ਵਿਸ਼ੇ ਕਿਸਾਨਾਂ, ਕਿਰਤੀਆ, ਕਾਮਿਆਂ ਤੇ ਆਮ ਮਨੁੱਖ ਦੀਆਂ ਸਮੱਸਿਆਵਾਂ, ਲੋਕਾਂ ਨੂੰ ਇੱਕ ਜੁੱਟ ਹੋ ਕੇ ਸਮੇਂ ਦੀਆਂ ਸਰਕਾਰਾਂ ਅਤੇ ਭ੍ਰਿਸ਼ਟ ਹਾਕਮਾਂ ਵਿਰੁੱਧ ਸੰਘਰਸ਼ ਕਰਨ, ਬੇਇਨਸਾਫ਼ੀ ਦੇ ਵਿਰੁੱਧ ਲੜਨ, ਚੜ੍ਹਦੀ ਕਲਾ 'ਚ ਅਤੇ ਆਸਵੰਦ ਰਹਿਣ ਵਰਗੇ ਹੁੰਦੇ ਹਨ।

116 ਪੰਨਿਆਂ ਦੀ ਹੱਥਲੀ ਪੁਸਤਕ 'ਸੁਭ ਅਮਲਾ ਬਾਝਹੁ' ਵਿੱਚ ਮਲੂਕ ਸਿੰਘ ਵੱਲੋਂ ਆਪਣੀਆਂ 53 ਕਵਿਤਾਵਾਂ ਸ਼ਾਮਲ ਕੀਤੀਆਂ ਗਈਆਂ ਹਨ ਅਤੇ 'ਅੰਤਿਕਾ' ਵਿੱਚ ਮਹਿੰਦਰ ਸਾਥੀ ਦੀ ਮਸ਼ਹੂਰ ਗ਼ਜ਼ਲ 'ਅਸਾਡੇ ਬਾਅਦ ਵੀ ਯਾਰੋ ਮਸ਼ਾਲਾਂ ਬਾਲ਼ਦੇ ਰਹਿਣਾ' ਨੂੰ ਮਹੱਤਵਪੂਰਨ ਰਚਨਾ ਵਜੋਂ ਯੋਗ ਜਗ੍ਹਾ ਦਿੱਤੀ ਗਈ ਹੈ। ਮਲੂਕ ਸਿੰਘ ਦੀਆਂ ਕਵਿਤਾਵਾਂ ਦੇ ਵਿਸ਼ੇ ਪੰਜਾਬੀ ਮਾਂ-ਬੋਲੀ 'ਤੇ ਮਾਣ ਕਰਨ, ਆਪਣੇ ਵਿਰਸੇ ਨਾਲ ਜੁੜਨ, ਸੱਤਾਧਾਰੀਆਂ ਦਾ ਕੁਰਸੀ ਨਾਲ ਮੋਹ, ਕਾਰਪੋਰੇਟਰਾਂ ਅੰਬਾਨੀਆਂ, ਅੰਡਾਨੀਆਂ/ਲੀਡਰਾਂ ਤੇ ਬਾਬਿਆਂ ਦੇ ਘਟੀਆ ਕਿਰਦਾਰ, ਹਾਕਮਾਂ ਦੀ ਕਹਿਣੀ ਤੇ ਕਰਨੀ 'ਚ ਫ਼ਰਕ, ਹੱਕ-ਸੱਚ ਦਾ ਹੋਕਾ ਲਾਉਣ, ਸ਼ਬਦ ਦੀ ਮਹਾਨਤਾ, ਗੁਰਬਾਣੀ ਦੀਆਂ ਸਿੱਖਿਆਵਾਂ, ਧੁੰਏਂ ਦਾ ਸੱਤਾ ਲਈ ਵਰਦਾਨ ਹੋਣ, ਨਸ਼ਿਆਂ ਦੇ ਦਰਿਆ ਨੂੰ ਠੱਲ੍ਹ ਪਾਉਣ, ਭ੍ਰਿਸ਼ਟ ਸਿਸਟਮ ਅਤੇ ਨਵੀਂ ਬਹਾਰ ਦੀ ਆਸ ਰੱਖਣ ਵਾਲੇ ਹਨ।

ਇਸਦੇ ਨਾਲ ਹੀ ਪੁਸਤਕ ਦੀਆਂ ਕਵਿਤਾਵਾਂ ਵਿੱਚ ਵਿਸ਼ਿਆਂ ਅਤੇ ਕਈ ਸਤਰਾਂ ਦਾ ਦੁਹਰਾਅ ਹੈ। ਉਂਜ ਵੇਖਿਆ ਜਾਏ ਤਾਂ ਪੁਸਤਕ ਵਿੱਚ ਇੱਕੋ ਵਿਸ਼ੇ 'ਤੇ ਇੱਕ ਤੋਂ ਵਧੇਰੇ ਕਵਿਤਾਵਾਂ ਲਿਖਣ ਵਿੱਚ ਕੋਈ ਬੰਦਿਸ਼ ਨਹੀਂ ਹੈ। ਜਿਵੇਂ ਕਿ ਪੰਜਾਬੀ ਬੋਲੀ ਨਾਲ ਸਬੰਧਿਤ ਵਿਸ਼ੇ ਉੱਪਰ ਇਸ ਕਿਤਾਬ ਵਿੱਚ ਤਿੰਨ ਕਵਿਤਾਵਾਂ 'ਮਾਣ ਪੰਜਾਬੀ ਦਾ' (ਪੰਨਾ-23), 'ਮਾਂ ਬੋਲੀ' (ਪੰਨਾ-63) ਤੇ 'ਰੀਝ ਪੰਜਾਬੀ ਲਈ' (ਪੰਨਾ-94) ਹਨ ਅਤੇ ਹਰੇਕ ਕਵਿਤਾ ਲੇਖਕ ਦੇ ਮਨੋ-ਭਾਵ ਨੂੰ ਵੱਖੋ-ਵੱਖਰੇ ਅੰਦਾਜ਼ 'ਚ ਦਰਸਾਉਂਦੀ ਹੈ। ਪਰ ਲੀਡਰਾਂ ਬਾਰੇ ਇੱਕ ਹੀ ਵਿਸ਼ੇ ਨੂੰ ਦਰਸਾਉਂਦੀਆਂ ਹੋਈਆਂ ਦੋ ਕਵਿਤਾਵਾਂ 'ਲੀਡਰ ਅੱਜ ਦਾ' (ਪੰਨਾ : 70-71) ਅਤੇ 'ਅੱਜ ਦਾ ਨੀਤੀਵਾਨ' (ਪੰਨਾ : 88-89) ਵਿੱਚ 7-8 ਬੰਦਾਂ ਵਿੱਚ ਸਤਰਾਂ ਦਾ ਦੁਹਰਾਅ ਪਾਠਕ ਨੂੰ ਜ਼ਰੂਰ ਅੱਖੜਦਾ ਹੈ।

ਪੁਸਤਕ ਦੀਆਂ ਕਵਿਤਾਵਾਂ ਦੇ ਰੂਪਕ ਪੱਖ ਦੀ ਜੇਕਰ ਗੱਲ ਕਰੀਏ ਤਾਂ ਇਸ ਵਿੱਚ ਬਹੁਤ ਸਾਰੀਆਂ ਕਵਿਤਾਵਾਂ 2+3 ਪੈਟਰਨ 'ਤੇ ਅਤੇ ਫਿਰ ਪਹਿਲੀਆਂ ਦੋ ਸਤਰਾਂ ਦੇ ਦੁਹਰਾਅ ਵਾਲਾ ਹੈ, ਭਾਵ ਕਵਿਤਾ ਦੀਆਂ ਪਹਿਲੀਆਂ ਦੋ ਸਤਰਾਂ ਤੋਂ ਬਾਅਦ ਅਗਲਾ ਬੰਦ ਤਿੰਨ ਸਤਰਾਂ ਦਾ ਹੈ, ਜਿਸ ਦੇ ਅੱਗੇ ਪਹਿਲੀਆਂ ਦੋ ਸਤਰਾਂ ਦੁਹਰਾਈਆਂ ਗਈਆਂ ਹਨ।

ਇਹ ਪੈਟਰਨ ਕਵਿਤਾ 'ਵਿਰਸੇ ਆਪਣੇ 'ਤੇ' ਵਿੱਚ ਵੇਖਿਆ ਜਾ ਸਕਦਾ ਹੈ :

ਵਿਰਸੇ ਆਪਣੇ 'ਤੇ ਹੀ ਮਾਣ ਕਰੀਏ।
ਚੰਗੇ ਗੁਣਾਂ ਦਾ ਹੀ ਗੁਣ-ਗਾਣ ਕਰੀਏ।

ਕਿਰਤ ਕਰਨ, ਵੰਡ ਛਕਣ ਵਾਲੇ
ਹੱਕ-ਸੱਚ ਦੇ ਲਈ ਖੜ੍ਹਨ ਵਾਲੇ
ਜ਼ਰਾ ਰਹਿਬਰ ਦਾ ਫ਼ੁਰਮਾਨ ਪੜ੍ਹੀਏ
ਵਿਰਸੇ ਆਪਣੇ 'ਤੇ ਹੀ ਮਾਣ ਕਰੀਏ।
ਚੰਗੇ ਗੁਣਾਂ ਦਾ ਹੀ ਗੁਣ-ਗਾਣ ਕਰੀਏ। (ਪੰਨਾ-29)

ਕਟਾਕਸ਼ ਨਾਲ ਭਰਪੂਰ ਕਵਿਤਾ 'ਕਹਿਣੀ-ਕਰਨੀ' ਵਿੱਚ ਵੀ ਏਹੀ ਪੈਟਰਨ ਵਰਤਿਆ ਗਿਆ ਹੈ :

ਮੈਂ-ਮੈਂ ਦੀ ਨਿੱਤ ਰੱਟ ਲਗਾਈ ਜਾਂਦੇ ਹਾਂ,
ਆਪ ਹੀ ਆਪਣੀ ਪੱਤ ਲੁਹਾਈ ਜਾਂਦੇ ਹਾਂ।

ਕਹਿੰਦੇ ਹਾਂ, 'ਕਰੇ ਕਰਾਏ ਆਪ'
ਸੁਬ੍ਹਾ-ਸ਼ਾਮ ਕਰਦੇ ਹਾਂ ਇਹ ਜਾਪ
ਆਪ ਹੀ ਆਪਣੇ ਗੁਣ ਗਾਈ ਜਾਂਦੇ ਹਾਂ
ਮੈਂ-ਮੈਂ ਦੀ ਨਿੱਤ ਰੱਟ ਲਗਾਈ ਜਾਂਦੇ ਹਾਂ
ਆਪ ਹੀ ਆਪਣੀ ਪੱਤ ਲੁਹਾਈ ਜਾਂਦੇ ਹਾਂ।

ਕੁਝ ਕਵਿਤਾਵਾਂ 2+2 ਪੈਟਰਨ ਵਾਲੀਆਂ ਹਨ, ਜਿਵੇਂ ਕਵਿਤਾ 'ਸ਼ੁਭ ਅਮਲਾਂ ਬਾਝੋਂ' ਹੈ :

ਨਾ ਗੁਰਬਾਣੀ ਕੇਵਲ ਪੜ੍ਹਿਆ ਕਰ,
ਕੁਝ ਅਮਲ ਵੀ ਸੱਜਣਾ ਕਰਿਆ ਕਰ।

ਬਾਣੀ ਸਾਡਾ ਮਾਰਗ ਦਰਸ਼ਨ ਕਰਦੀ,
ਇਸ ਗਾਡੀ ਰਾਹ 'ਤੇ ਤੁਰਿਆ ਕਰ। (ਪੰਨਾ-31)

ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਸਮੇਂ ਹੋਏ ਪ੍ਰਸਿੱਧ ਕਵੀ ਸ਼ਾਹ ਮੁਹੰਮਦ ਵੱਲੋਂ ਲਿਖੇ ਗਏ ਗਏ ਮਹਾਂ-ਕਾਵਿ ਕਈ ਕਵਿਤਾਵਾਂ ਬੈਂਤ ਵਿੱਚ ਵੀ ਹਨ। ਮਲੂਕ ਸਿੰਘ ਦੀ ਬੈਂਤ 'ਚ ਲਿਖੀ ਇਕ ਕਵਿਤਾ ਦਾ ਨਮੂੰਨਾ ਵੇਖੋ :

ਬਣ ਕਰਿੰਦਾ ਰਹਿ ਗਿਆ ਅੰਡਾਨੀਆਂ ਦਾ, ਲੋਕ-ਤੰਤਰ ਹੋਇਆ ਤਾਰ-ਤਾਰ ਮੀਆਂ।
ਮਾਇਆਧਾਰੀ ਦੀ ਬਣਿਆ ਕੱਠ-ਪੁਤਲੀ, ਫਿਰੇ ਨੱਚਦਾ, ਜਿਵੇਂ ਨਚਾਰ ਮੀਆਂ।
ਵੋਟਾਂ ਵੇਲੇ ਤਾਂ ਗਧਾ ਵੀ ਬਾਪ ਦਿਸਦਾ, ਪਿੱਛੋਂ ਬਾਪ ਦੀ ਲਵੇ ਨਾ ਸਾਰ ਮੀਆਂ।
ਇੱਕ ਤੰਦ ਨਹੀ ਉਲਝੀ ਏ ਤਾਣੀ ਸਾਰੀ, ਹਰ ਪਾਸੇ ਮੱਚੀ ਹਾਹਾ-ਕਾਰ ਮੀਆਂ। (ਪੰਨਾ-88)

ਇਸ ਬੈਂਤ ਵਿਚ ਆਉਂਦਾ ਸ਼ਬਦ 'ਮੀਆਂ' 'ਜੰਗ-ਨਾਮਾ ਪੰਜਾਬ' ਦੇ ਲੇਖਕ ਸ਼ਾਹ ਮੁਹੰਮਦ ਦੇ ਕਈ ਬੈਂਤਾਂ ਦਾ ਭੁਲੇਖਾ ਪਾਉਂਦਾ ਹੈ, ਜਿਵੇਂ ਉਸਦਾ ਇਹ ਹੇਠ ਲਿਖਿਆ ਬੈਂਤ ਹੈ :

ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ, ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।
ਚੜ੍ਹ

ਪੰਜਾਬ ਸਟਾਰ
www.punjabstar.com

ਪੰਜਾਬ ਸਰਕਾਰ ਦਾ 'ਯੁੱਧ ਨਸ਼ਿਆਂ ਵਿਰੁੱਧ' ਕਿੰਨਾ ਕਾਮਯਾਬ...? ਕਰੋੜਾਂ ਰੁਪਏ ਖਰਚਣ ਦੇ ਬਾਵਜੂਦ ਨਸ਼ਿਆਂ ਦੀ ਮਾਰ ਹੇਠ ਪੰਜਾਬ ਦੀ ਜਵਾਨੀ





ਪੰਜਾਬ ਦੀ ਧਰਤੀ ਨੂੰ ਗੁਰੂਆਂ, ਪੀਰਾਂ ਅਤੇ ਜੋਧਿਆਂ ਦੀ ਧਰਤੀ ਕਿਹਾ ਜਾਂਦਾ ਹੈ, ਪਰ ਅੱਜ ਇਹੀ ਪੰਜਾਬ ਨਸ਼ਿਆਂ ਦੀ ਗੰਭੀਰ ਸਮੱਸਿਆ ਨਾਲ ਜੂਝ ਰਿਹਾ ਹੈ। ਸੂਬੇ ਦੀ ਨੌਜਵਾਨ ਪੀੜ੍ਹੀ ਨਸ਼ਿਆਂ ਦੀ ਦਲਦਲ ਵਿੱਚ ਇਸ ਕਦਰ ਤਾਂ ਸੁਖੀ ਹੈ ਕਿ ਉਨ੍ਹਾਂ ਨੂੰ ਬਾਹਰ ਨਿਕਲਣ ਦਾ ਕੋਈ ਰਸਤਾ ਦਿਖਾਈ ਨਹੀਂ ਦੇ ਰਿਹਾ, ਕਿਉਂਕਿ ਸਰਕਾਰ ਵੱਲੋਂ ਕਰੋੜਾਂ ਅਰਬਾਂ ਰੁਪਈਆ ਖਰਚ ਕੇ ਸ਼ੁਰੂ ਕੀਤਾ ਯੁੱਧ ਨਸ਼ਿਆਂ ਵਿਰੁੱਧ ਵੀ ਪੂਰੀ ਤਰ੍ਹਾਂ ਨਾਕਾਮਯਾਬ ਰਿਹਾ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖ਼ਾਤਮੇ ਲਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸ਼ੁਰੂ ਕਰਕੇ ਵੱਡੇ-ਵੱਡੇ ਦਾਅਵੇ ਕੀਤੇ ਗਏ ਅਤੇ ਸਰਕਾਰੀ ਪੱਧਰ 'ਤੇ ਇਸ ਮੁਹਿੰਮ ਦਾ ਖੂਬ ਪ੍ਰਚਾਰ ਵੀ ਕੀਤਾ ਗਿਆ। ਜਿਸ ਤੇ ਸਰਕਾਰ ਨੇ ਕਰੋੜਾਂ ਅਰਬਾਂ ਰੁਪਈਆ ਖਰਚ ਕੀਤਾ ਜੋ ਕਿਸੇ ਕੰਮ ਨਾ ਆਇਆ।

ਪਰ ਅੱਜ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਇਸ ਮੁਹਿੰਮ ਨਾਲ ਅਸਲ ਵਿੱਚ ਕਿੰਨੇ ਨੌਜਵਾਨ ਨਸ਼ਾ ਛੱਡਣ ਵਿੱਚ ਕਾਮਯਾਬ ਹੋਏ? ਕਿੰਨੇ ਨੌਜਵਾਨ ਮੁੜ ਆਪਣੀ ਆਮ ਜ਼ਿੰਦਗੀ ਵੱਲ ਪਰਤੇ? ਅਤੇ ਸਰਕਾਰ ਵੱਲੋਂ ਇਸ ਮੁਹਿੰਮ 'ਤੇ ਖਰਚ ਕੀਤੇ ਗਏ ਕਰੋੜਾਂ ਰੁਪਏ ਦਾ ਜ਼ਮੀਨੀ ਪੱਧਰ 'ਤੇ ਕੀ ਨਤੀਜਾ ਨਿਕਲਿਆ?

ਸਰਕਾਰੀ ਅੰਕੜੇ ਸਰਕਾਰ ਦੇ ਦਾਅਵਿਆਂ 'ਤੇ ਹੀ ਖੜ੍ਹੇ ਕਰਦੇ ਹਨ ਸਵਾਲ

ਸਰਕਾਰ ਵੱਲੋਂ ਜਾਰੀ ਕੀਤੇ ਅੰਕੜਿਆਂ ਅਨੁਸਾਰ ਮਾਰਚ 2025 ਵਿੱਚ ਮੁਹਿੰਮ ਸ਼ੁਰੂ ਹੋਣ ਤੋਂ ਮਈ 2026 ਤੱਕ 90 ਹਜ਼ਾਰ ਤੋਂ ਵੱਧ ਨਸ਼ਾ ਪੀੜਤਾਂ ਨੂੰ ਨਸ਼ਾ ਛੁਡਾਊ ਅਤੇ OOAT ਕੇਂਦਰਾਂ ਵਿੱਚ ਇਲਾਜ ਲਈ ਦਾਖ਼ਲ ਕਰਵਾਇਆ ਗਿਆ। ਪਰ ਇੱਥੇ ਇੱਕ ਬਹੁਤ ਅਹਿਮ ਫ਼ਰਕ ਸਮਝਣ ਦੀ ਲੋੜ ਹੈ। ਇਲਾਜ ਲਈ ਦਾਖ਼ਲ ਹੋਣਾ ਅਤੇ ਨਸ਼ਾ ਪੂਰੀ ਤਰ੍ਹਾਂ ਛੱਡ ਦੇਣਾ ਦੋ ਵੱਖ-ਵੱਖ ਗੱਲਾਂ ਹਨ। ਸਰਕਾਰ ਵੱਲੋਂ ਜਾਰੀ ਕੀਤੇ ਇਸ ਅੰਕੜੇ ਵਿੱਚ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਇਨ੍ਹਾਂ 90 ਹਜ਼ਾਰ ਲੋਕਾਂ ਵਿੱਚੋਂ ਕਿੰਨੇ ਨੌਜਵਾਨਾਂ ਨੇ ਹਰ ਕਿਸਮ ਦਾ ਨਸ਼ਾ ਅਤੇ ਇਲਾਜ ਵਾਲੀ ਬਦਲਵੀਂ ਦਵਾਈ ਵੀ ਪੂਰੀ ਤਰ੍ਹਾਂ ਛੱਡ ਦਿੱਤੀ ਹੈ।

ਇਸ ਤੋਂ ਪਹਿਲਾਂ ਸਾਲ 2023 ਵਿੱਚ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਵਿਧਾਨ ਸਭਾ ਵਿੱਚ ਪੇਸ਼ ਕੀਤੇ ਅੰਕੜੇ ਵੀ ਚਿੰਤਾਜਨਕ ਸਨ। 2017 ਤੋਂ ਫਰਵਰੀ 2023 ਤੱਕ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਰਜ 2,63,716 ਮਰੀਜ਼ਾਂ ਵਿੱਚੋਂ ਸਿਰਫ਼ 3,810 ਮਰੀਜ਼ਾਂ ਨੇ ਇਲਾਜ ਪੂਰਾ ਕਰਕੇ ਨਸ਼ਾ ਛੱਡਿਆ ਸੀ, ਜੋ ਬਾਅਦ ਵਿੱਚ ਫਿਰ ਨਸ਼ਾ ਕਰਨ ਦੇ ਆਦੀ ਬਣੇ, ਜਦਕਿ ਨਿੱਜੀ ਕੇਂਦਰਾਂ ਵਿੱਚ 6,19,934 ਮਰੀਜ਼ਾਂ ਵਿੱਚੋਂ ਸਿਰਫ਼ 296 ਮਰੀਜ਼ ਇਲਾਜ ਪੂਰਾ ਕਰ ਸਕੇ ਸਨ। ਇਸੇ ਸਮੇਂ ਦੌਰਾਨ ਸਰਕਾਰ ਵੱਲੋਂ ਬੁਪ੍ਰੇਨੋਰਫਿਨ ਦਵਾਈ ਦੀ ਖਰੀਦ ਉੱਤੇ ਲਗਭਗ 102 ਕਰੋੜ ਰੁਪਏ ਖਰਚ ਕੀਤੇ ਜਾਣ ਦੀ ਗੱਲ ਵੀ ਸਾਹਮਣੇ ਆਈ ਸੀ।

ਪੰਜ ਸਾਲਾਂ ਵਿੱਚ ਨਸ਼ਾ ਛੁਡਾਊ ਗੋਲੀਆਂ ਦੀ ਖਰੀਦ ਕਿੰਨੀ ਵਧੀ?

ਇੱਥੇ ਜਿਸ ਦਵਾਈ ਦੀ ਗੱਲ ਹੋ ਰਹੀ ਹੈ, ਉਸ ਦਾ ਨਾਮ ਬੁਪ੍ਰੇਨੋਰਫਿਨ (Buprenorphine) ਹੈ। ਇਹ ਦਵਾਈ ਓਪੀਓਇਡ ਨਸ਼ੇ ਦੇ ਆਦੀ ਮਰੀਜ਼ਾਂ ਨੂੰ ਡਾਕਟਰੀ ਨਿਗਰਾਨੀ ਹੇਠ ਇਲਾਜ ਲਈ ਦਿੱਤੀ ਜਾਂਦੀ ਹੈ। ਇਸ ਨੂੰ ਆਮ ਨਸ਼ੇ ਦੀ ਗੋਲੀ ਸਮਝਣਾ ਠੀਕ ਨਹੀਂ, ਪਰ ਇਸ ਦੀ ਲੰਬੇ ਸਮੇਂ ਤੱਕ ਵਰਤੋਂ ਅਤੇ ਨਿਰਭਰਤਾ ਬਾਰੇ ਵਿਧਾਨ ਸਭਾ ਦੀ ਕਮੇਟੀ ਨੇ ਵੀ ਸਵਾਲ ਉਠਾਏ ਹਨ।

ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਅਧਿਕਾਰਤ ਅੰਕੜਿਆਂ ਦਾ ਹਵਾਲਾ ਦਿੰਦਿਆਂ ਸਾਹਮਣੇ ਆਈ ਰਿਪੋਰਟ ਅਨੁਸਾਰ 2 ਮਿਲੀਗ੍ਰਾਮ ਦੀਆਂ ਗੋਲੀਆਂ ਦੀ ਸਾਲਾਨਾ ਖਰੀਦ ਇਸ ਤਰ੍ਹਾਂ ਰਹੀ:

ਸਾਲ	ਖਰੀਦੀਆਂ ਗੋਲੀਆਂ*
2022	7 ਕਰੋੜ
2023	9.44 ਕਰੋੜ
2024	10 ਕਰੋੜ
2025	11 ਕਰੋੜ
2026 (ਜੂਨ ਤੱਕ)	6 ਕਰੋੜ

ਇੱਕ ਹੋਰ ਅਹਿਮ ਅੰਕੜਾ: ਪੰਜਾਬ ਸਰਕਾਰ ਵੱਲੋਂ OOAT ਕੇਂਦਰਾਂ ਲਈ ਖਰੀਦੀਆਂ ਗੋਲੀਆਂ ਦੀ ਗਿਣਤੀ 2022 ਵਿੱਚ 7 ਕਰੋੜ ਤੋਂ ਵੱਧ ਕੇ 2025 ਵਿੱਚ 11 ਕਰੋੜ ਹੋ ਗਈ। ਇਹ ਲਗਭਗ 57 ਫ਼ੀਸਦੀ ਵਾਧਾ ਹੈ। ਜੋ ਪੰਜਾਬ ਸਰਕਾਰ ਵੱਲੋਂ ਚਲਾਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦਾ ਭਾਂਡਾ ਚੌਰਾਹੇ ਭੰਨਦੀ ਹੈ, 2026 ਦੇ ਪਹਿਲੇ ਛੇ ਮਹੀਨਿਆਂ ਵਿੱਚ ਹੀ 6 ਕਰੋੜ ਗੋਲੀਆਂ ਦੀ ਖਰੀਦ ਹੋ ਚੁੱਕੀ ਸੀ।

ਦਿ ਟ੍ਰਿਬਿਊਨ ਦੀ 7 ਅਗਸਤ 2026 ਦੀ ਰਿਪੋਰਟ ਮੁਤਾਬਕ ਸਰਕਾਰੀ ਕੇਂਦਰਾਂ ਵੱਲੋਂ 2022 ਤੋਂ ਜੂਨ 2026 ਤੱਕ ਕੁੱਲ 56.48 ਕਰੋੜ ਗੋਲੀਆਂ ਵੰਡੀਆਂ ਗਈਆਂ। ਇਨ੍ਹਾਂ ਵਿੱਚ 45.42 ਕਰੋੜ 2 ਮਿਲੀਗ੍ਰਾਮ ਦੀਆਂ ਅਤੇ 11.06 ਕਰੋੜ 0.4 ਮਿਲੀਗ੍ਰਾਮ ਦੀਆਂ ਗੋਲੀਆਂ ਸ਼ਾਮਲ ਸਨ। ਇਹ ਖਰੀਦ ਦੇ ਅੰਕੜਿਆਂ ਤੋਂ ਵੱਖਰਾ ਮਾਪ ਹੈ, ਇਸ ਲਈ ਦੋਵਾਂ ਨੂੰ ਜੋੜ ਕੇ ਨਹੀਂ ਦੇਖਣਾ ਚਾਹੀਦਾ।

ਕੀ ਨਸ਼ਾ ਛੁਡਾਉਣ ਦੀ ਥਾਂ ਦਵਾਈ ਉੱਤੇ ਨਿਰਭਰਤਾ ਵਧ ਰਹੀ ਹੈ?

ਇਹ ਸਵਾਲ ਪੰਜਾਬ ਵਿਧਾਨ ਸਭਾ ਦੀ ਕਮੇਟੀ ਨੇ ਵੀ ਉਠਾਇਆ ਹੈ। ਕਮੇਟੀ ਨੇ ਸਰਕਾਰ ਤੋਂ ਪੁੱਛਿਆ ਕਿ ਸਾਲ 2022 ਵਿੱਚ ਇਲਾਜ ਸ਼ੁਰੂ ਕਰਨ ਵਾਲੇ ਕਿੰਨੇ ਮਰੀਜ਼ ਅੱਜ ਵੀ ਬੁਪ੍ਰੇਨੋਰਫਿਨ ਲੈ ਰਹੇ ਹਨ ਅਤੇ ਕਿੰਨੇ ਪੂਰੀ ਤਰ੍ਹਾਂ ਨਸ਼ਾ ਮੁਕਤ ਹੋ ਚੁੱਕੇ ਹਨ।

ਕਮੇਟੀ ਅਨੁਸਾਰ OOAT ਕੇਂਦਰਾਂ ਵਿੱਚ ਦਰਜ ਮਰੀਜ਼ਾਂ ਦੀ ਗਿਣਤੀ 2022 ਵਿੱਚ ਲਗਭਗ 2 ਲੱਖ ਸੀ, ਜੋ 2026 ਵਿੱਚ ਵਧ ਕੇ 3.17 ਲੱਖ ਦੇ ਕਰੀਬ ਪਹੁੰਚ ਗਈ। ਇਨ੍ਹਾਂ ਵਿੱਚੋਂ ਲਗਭਗ 65 ਫ਼ੀਸਦੀ ਮਰੀਜ਼ 18 ਤੋਂ 35 ਸਾਲ ਦੀ ਉਮਰ ਦੇ ਹਨ।

ਕਮੇਟੀ ਨੇ ਇਹ ਵੀ ਚਿੰਤਾ ਜ਼ਾਹਰ ਕੀਤੀ ਕਿ ਕਈ ਮਰੀਜ਼ ਇੱਕ ਨਸ਼ਾ ਛੱਡ ਕੇ ਦੂਜੀ ਦਵਾਈ ਉੱਤੇ ਨਿਰਭਰ ਹੋ ਰਹੇ ਹਨ। ਇਸ ਲਈ ਸਿਰਫ਼ ਮਰੀਜ਼ਾਂ ਦੀ ਰਜਿਸਟ੍ਰੇਸ਼ਨ ਜਾਂ ਗੋਲੀਆਂ ਦੀ ਵੰਡ ਨੂੰ ਨਸ਼ਾ ਮੁਕਤੀ ਦੀ ਕਾਮਯਾਬੀ ਨਹੀਂ ਮੰਨਿਆ ਜਾ ਸਕਦਾ।

ਮੁਹਿੰਮ ਲਈ 260 ਕਰੋੜ ਰੁਪਏ ਦਾ ਬਜਟ, ਪਰ ਕਿੰਨਾ ਖਰਚ ਹੋਇਆ?

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮਾਰਚ 2025 ਦੇ ਬਜਟ ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਲਈ 260 ਕਰੋੜ ਰੁਪਏ ਦੇ ਪ੍ਰਬੰਧ ਦਾ ਐਲਾਨ ਕੀਤਾ ਸੀ। ਇਸ ਤੋਂ ਇਲਾਵਾ ਨਸ਼ਿਆਂ ਵਿਰੁੱਧ ਜਾਗਰੂਕਤਾ ਅਤੇ ਹੋਰ ਸਰਕਾਰੀ ਗਤੀਵਿਧੀਆਂ ਉੱਤੇ ਵੱਖ-ਵੱਖ ਵਿਭਾਗਾਂ ਵੱਲੋਂ ਖਰਚ ਦੀ ਜਾਣਕਾਰੀ ਵੀ ਦਿੱਤੀ ਗਈ।

ਜਨਵਰੀ 2026 ਵਿੱਚ ਕੈਬਿਨਟ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਨਸ਼ਾ ਮੁਕਤੀ ਮੁਹਿੰਮ ਨਾਲ ਸਬੰਧਤ ਵੱਖ-ਵੱਖ ਜਾਗਰੂਕਤਾ ਪ੍ਰੋਗਰਾਮਾਂ ਉੱਤੇ 4.67 ਕਰੋੜ ਰੁਪਏ ਖਰਚ ਕੀਤੇ ਗਏ। ਇਸ ਵਿੱਚ ਸਿਹਤ ਵਿਭਾਗ ਦੇ 1.07 ਕਰੋੜ, ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ 2.02 ਕਰੋੜ ਅਤੇ ਸਮਾਜਿਕ ਸੁਰੱਖਿਆ ਵਿਭਾਗ ਦੇ 1.09 ਕਰੋੜ ਰੁਪਏ ਸ਼ਾਮਲ ਸਨ।

ਇੱਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ 260 ਕਰੋੜ ਰੁਪਏ ਬਜਟ ਦਾ ਪ੍ਰਬੰਧ ਸੀ, ਜਦਕਿ 4.67 ਕਰੋੜ ਰੁਪਏ ਜਾਗਰੂਕਤਾ ਪ੍ਰੋਗਰਾਮਾਂ ਦਾ ਦੱਸਿਆ ਗਿਆ ਖਰਚ ਹੈ। ਪੂਰੀ ਮੁਹਿੰਮ ਦਾ ਕੁੱਲ ਅਸਲ ਖਰਚ ਕਿੰਨਾ ਹੋਇਆ, ਇਸ ਦਾ ਇਕੱਠਾ ਅਤੇ ਪੂਰਾ ਹਿਸਾਬ ਜਨਤਕ ਹੋਣਾ ਚਾਹੀਦਾ ਹੈ।

ਸਰਕਾਰ ਦੀ ਕਾਰਵਾਈ ਦੇ ਅੰਕੜੇ ਵੀ ਸਾਹਮਣੇ

ਮੁੱਖ ਮੰਤਰੀ ਭਗਵੰਤ ਮਾਨ ਨੇ ਮਾਰਚ 2026 ਵਿੱਚ ਮੁਹਿੰਮ ਦਾ ਇੱਕ ਸਾਲ ਪੂਰਾ ਹੋਣ ਮੌਕੇ ਦੱਸਿਆ ਸੀ ਕਿ ਮਾਰਚ 2025 ਤੋਂ ਫਰਵਰੀ 2026 ਤੱਕ ਨਸ਼ਾ ਤਸਕਰੀ ਸਬੰਧੀ 36,178 ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ ਅਤੇ 51,648 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਦੌਰਾਨ 2,277 ਕਿਲੋ ਹੈਰੋਇਨ ਅਤੇ 49 ਲੱਖ ਤੋਂ ਵੱਧ ਨਸ਼ੀਲੀਆਂ ਗੋਲੀਆਂ ਤੇ ਕੈਪਸੂਲ ਬਰਾਮਦ ਕਰਨ ਦਾ ਦਾਅਵਾ ਵੀ ਕੀਤਾ ਗਿਆ।

ਇਹ ਕਾਰਵਾਈ ਦੇ ਅੰਕੜੇ ਹਨ, ਪਰ ਇਨ੍ਹਾਂ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਪੰਜਾਬ ਵਿੱਚ ਨਸ਼ਿਆਂ ਦੀ ਮੰਗ ਖ਼ਤਮ ਹੋ ਗਈ ਹੈ ਜਾਂ ਨੌਜਵਾਨ ਨਸ਼ਾ ਮੁਕਤ ਹੋ ਗਏ ਹਨ।

ਸਭ ਤੋਂ ਵੱਡਾ ਸਵਾਲ ਪੰਜਾਬ ਦੀ ਜਵਾਨੀ ਦਾ

ਅੱਜ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਅਜਿਹੇ ਪਰਿਵਾਰ ਮਿਲ ਜਾਣਗੇ ਜਿਨ੍ਹਾਂ ਦੇ ਘਰਾਂ ਦੇ ਨੌਜਵਾਨ ਨਸ਼ਿਆਂ ਕਾਰਨ ਆਪਣੀ ਜ਼ਿੰਦਗੀ ਬਰਬਾਦ ਕਰ ਰਹੇ ਹਨ। ਕਈ ਮਾਵਾਂ ਆਪਣੇ ਪੁੱਤਰਾਂ ਨੂੰ ਨਸ਼ੇ ਤੋਂ ਬਚਾਉਣ ਲਈ ਦਰ-ਦਰ ਭਟਕ ਰਹੀਆਂ ਹਨ। ਕਈ ਪਰਿਵਾਰ ਆਪਣੀ ਜ਼ਮੀਨ, ਜਾਇਦਾਦ ਅਤੇ ਜਮ੍ਹਾਂ ਪੂੰਜੀ ਤੱਕ ਵੇਚ ਚੁੱਕੇ ਹਨ।

ਜੇਕਰ ਸਰਕਾਰ ਸੱਚਮੁੱਚ ਪੰਜਾਬ ਨੂੰ ਨਸ਼ਾ ਮੁਕਤ ਬਣਾਉਣਾ ਚਾਹੁੰਦੀ ਹੈ ਤਾਂ ਉਸ ਨੂੰ ਸਿਰਫ਼ ਗ੍ਰਿਫ਼ਤਾਰੀਆਂ ਅਤੇ ਗੋਲੀਆਂ ਦੀ ਵੰਡ ਦੇ ਅੰਕੜੇ ਪੇਸ਼ ਕਰਨ ਦੀ ਬਜਾਏ ਕੁਝ ਸਿੱਧੇ ਸਵਾਲਾਂ ਦੇ ਜਵਾਬ ਦੇਣੇ ਚਾਹੀਦੇ ਹਨ:

* ਮਾਰਚ 2025 ਤੋਂ ਹੁਣ ਤੱਕ ਕਿੰਨੇ ਨੌਜਵਾਨਾਂ ਨੇ ਹਰ ਤਰ੍ਹਾਂ ਦਾ ਨਸ਼ਾ ਪੂਰੀ ਤਰ੍ਹਾਂ ਛੱਡਿਆ ਹੈ?
* ਇਲਾਜ ਲਈ ਆਏ 90 ਹਜ਼ਾਰ ਤੋਂ ਵੱਧ ਮਰੀਜ਼ਾਂ ਵਿੱਚੋਂ ਕਿੰਨੇ ਪੂਰੀ ਤਰ੍ਹਾਂ ਸਿਹਤਮੰਦ ਹੋ ਕੇ ਆਪਣੇ ਘਰਾਂ ਨੂੰ ਪਰਤੇ?
* ਪਿਛਲੇ ਪੰਜ ਸਾਲਾਂ ਵਿੱਚ ਬੁਪ੍ਰੇਨੋਰਫਿਨ ਦੀਆਂ ਕਿੰਨੀਆਂ ਗੋਲੀਆਂ ਖਰੀਦੀਆਂ ਅਤੇ ਕਿੰਨੀਆਂ ਵੰਡੀਆਂ ਗਈਆਂ?
* ਕਿੰਨੇ ਮਰੀਜ਼ ਅਜਿਹੇ ਹਨ ਜੋ ਸਾਲਾਂ ਤੋਂ ਲਗਾਤਾਰ ਇਹ ਦਵਾਈ ਲੈ ਰਹੇ ਹਨ?
* ਨਸ਼ਾ ਤਸਕਰੀ ਦੇ ਵੱਡੇ ਮਗਰਮੱਛਾਂ ਅਤੇ ਉਨ੍ਹਾਂ ਨੂੰ ਸਿਆਸੀ ਜਾਂ ਪ੍ਰਸ਼ਾਸਨਿਕ ਸਰਪ੍ਰਸਤੀ ਦੇਣ ਵਾਲਿਆਂ ਖ਼ਿਲਾਫ਼ ਕਿੰਨੀ ਕਾਰਵਾਈ ਹੋਈ?
* ਮੁਹਿੰਮ ਉੱਤੇ ਖਰਚ ਹੋਏ ਹਰ ਰੁਪਏ ਦਾ ਪੂਰਾ ਆਡਿਟ ਅਤੇ ਨਤੀਜਾ ਜਨਤਾ ਸਾਹਮਣੇ ਕਦੋਂ ਰੱਖਿਆ ਜਾਵੇਗਾ?

ਕੀ ਸਿਰਫ਼ ਨਾਅਰਿਆਂ ਨਾਲ ਨਸ਼ਾ ਮੁਕਤ ਹੋਵੇਗਾ ਪੰਜਾਬ?

ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਸਿਰਫ਼ ਵੱਡੇ-ਵੱਡੇ ਨਾਅਰੇ, ਰੈਲੀਆਂ, ਮੀਟਿੰਗਾਂ ਅਤੇ ਇਸ਼ਤਿਹਾਰ ਕਾਫ਼ੀ ਨਹੀਂ ਹਨ। ਇਸ ਲਈ ਨਸ਼ਾ ਤਸਕਰਾਂ ਦੇ ਨੈੱਟਵਰਕ ਨੂੰ ਤੋੜਨਾ, ਸਰਹੱਦ ਪਾਰੋਂ ਆਉਂਦੇ ਨਸ਼ਿਆਂ ਨੂੰ ਰੋਕਣਾ, ਪੁਲਿਸ ਅਤੇ ਪ੍ਰਸ਼ਾਸਨ ਦੀ ਜਵਾਬਦੇਹੀ ਤੈਅ ਕਰਨੀ ਅਤੇ ਨਸ਼ਾ ਪੀੜਤ ਨੌਜਵਾਨਾਂ ਦਾ ਵਿਗਿਆਨਕ ਢੰਗ ਨਾਲ ਇਲਾਜ ਤੇ ਮੁੜ ਵਸੇਬਾ ਕਰਨਾ ਬੇਹੱਦ ਜ਼ਰੂਰੀ ਹੈ।

ਸਰਕਾਰ ਦੇ ਆਪਣੇ ਅੰਕੜੇ ਦੱਸਦੇ ਹਨ ਕਿ ਨਸ਼ਾ ਛੁਡਾਊ ਦਵਾਈਆਂ ਦੀ ਖਰੀਦ ਅਤੇ ਮਰੀਜ਼ਾਂ ਦੀ ਰਜਿਸਟ੍ਰੇਸ਼ਨ ਲਗਾਤਾਰ ਵਧੀ ਹੈ। ਪਰ ਪੂਰੀ ਤਰ੍ਹਾਂ ਨਸ਼ਾ ਛੱਡਣ ਵਾਲਿਆਂ ਦੀ ਗਿਣਤੀ ਦਾ ਸਪੱਸ਼ਟ ਅਤੇ ਤਾਜ਼ਾ ਹਿਸਾਬ ਅਜੇ ਵੀ ਜਨਤਾ ਸਾਹਮਣੇ ਨਹੀਂ ਹੈ।

ਇਸ ਲਈ ਅੱਜ ਪੰਜਾਬ ਦੇ ਲੋਕਾਂ ਦਾ ਸਵਾਲ ਹੈ ਕਿ ਆਖ਼ਰ ਇਹ 'ਯੁੱਧ ਨਸ਼ਿਆਂ ਵਿਰੁੱਧ' ਨਸ਼ਾ ਤਸਕਰਾਂ ਵਿਰੁੱਧ ਜੰਗ ਹੈ ਜਾਂ ਸਿਰਫ਼ ਸਰਕਾਰੀ ਅੰਕੜਿਆਂ ਅਤੇ ਇਸ਼ਤਿਹਾਰਾਂ ਤੱਕ ਸੀਮਤ ਰਹਿਣ ਵਾਲੀ ਮੁਹਿੰਮ?

ਪੰਜਾਬ ਦੀ ਜਵਾਨੀ ਨੂੰ ਨਸ਼ੇ ਤੋਂ ਬਚਾਉਣਾ ਸਰਕਾਰ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ। ਜੇਕਰ ਨੌਜਵਾਨ ਹੀ ਨਸ਼ੇ ਦੀ ਦਲਦਲ ਵਿੱਚੋਂ ਬਾਹਰ ਨਹੀਂ ਆ ਰਹੇ ਤਾਂ ਫਿਰ ਮੁਹਿੰਮ ਦੀ ਅਸਲ ਕਾਮਯਾਬੀ ਦਾ ਪੈਮਾਨਾ ਕੀ ਹੈ? ਸਰਕਾਰ ਨੂੰ ਇਸ ਦਾ ਜਵਾਬ ਦੇਣਾ ਹੀ ਪਵੇਗਾ।



ਲੇਖਕ : ਕੁਲਵਿੰਦਰ ਸਿੰਘ ਚੰਦੀ ਸਿੱਧਵਾਂ ਬੇਟ (ਲੁਧਿਆਣਾ)
98144-26880

-ਫੌਜਣ ਚਾਚੀ (ਭਾਗ-ਪਹਿਲਾ)-



ਲੋਕਾਂ ਨੇ ਤਾਂ ਇਹ ਗੱਲ ਸੁਣੀ ਹੀ ਹੋਣੀ ਹੈ ਕਿ ਪੁਰਾਣੇ ਵੇਲਿਆਂ ਵਿੱਚ ਨੂੰਹ-ਸੱਸ ਦਾ ਜਾਪਾ ਇਕੱਠਾ ਹੋ ਜਾਂਦਾ ਸੀ, ਪਰ ਸਾਡੇ ਘਰੇ ਤਾਂ ਇਹ ਗੱਲ ਸੱਚਮੁੱਚ ਵਾਪਰੀ ਸੀ। ਚਲੋ, ਨੂੰਹ-ਸੱਸ ਦਾ ਜਾਪਾ ਇਕੱਠਾ ਤਾਂ ਨਹੀਂ ਹੋਇਆ ਸੀ, ਪਰ ਮੇਰੇ ਤਾਏ ਦੇ ਮੁੰਡੇ ਸਰਬ ਵੀਰ ਤੇ ਚਾਚੇ ਕਰਮਜੀਤ ਦੀ ਉਮਰ ਵਿੱਚ ਬੱਸ ਚਾਰ ਸਾਲਾਂ ਦਾ ਹੀ ਵਿੱਥ ਸੀ।

ਚਾਚਾ ਸਾਡੀ ਬੇਬੇ ਦਾ ਪੇਟ-ਘਰੌੜੀ ਦਾ ਪੁੱਤ ਸੀ, ਜੋ ਪਿਛਲੀ ਉਮਰੇ ਹੋਇਆ ਸੀ। ਤਾਇਆ ਜੀ ਉਦੋਂ ਸਤਾਰਾਂ ਵਰ੍ਹਿਆਂ ਦੇ ਸਨ, ਜਦੋਂ ਚਾਚਾ ਹੋਇਆ। ਉਦੋਂ ਇਲਾਜ ਵੀ ਬਹੁਤੇ ਨਹੀਂ ਹੁੰਦੇ ਸਨ ਤੇ ਨਾਲੇ, ਜਦੋਂ ਜਿਸ ਜੀਅ ਨੇ ਆਉਣਾ ਹੋਵੇ, ਉਹਨੇ ਆ ਹੀ ਜਾਣਾ ਹੁੰਦਾ ਏ। ਬੇਬੇ ਨੂੰ ਚਾਚੇ ਦੇ ਹੋਣ ਵਾਲਾ ਹੋਣ ਦੀ ਗੱਲ ਕਿੰਨਾ ਚਿਰ ਪਤਾ ਹੀ ਨਾ ਲੱਗੀ। ਜਦੋਂ ਪਤਾ ਲੱਗਾ ਤਾਂ ਦਾਈ ਅਮਰੋਂ ਨੇ ਵੀ ਜਵਾਬ ਦੇ ਦਿੱਤਾ ਕਿ ਹੁਣ ਉਸ ਦੇ ਹੱਥ-ਵੱਸ ਤਾਂ ਕੁਝ ਨਹੀਂ, ਸ਼ਹਿਰ ਡਾਕਟਰ ਕੋਲ ਜਾ ਕੇ ਪਤਾ ਕਰ ਲਓ।

ਪਰ ਫਿਰ ਬਾਪੂ ਜੀ ਅੱਗੇ ਹੋ ਗਏ ਕਿ ਜਿਹੜਾ ਵੀ ਜਵਾਕ ਹੋਣਿਆ, ਆਪਣੇ ਕਰਮ ਲੈ ਕੇ ਆਊ। ਆਹ ਜੀਵ-ਹੱਤਿਆ ਸਾਡੇ ਤੋਂ ਨਹੀਂ ਹੋਣੀ।

ਬੇਬੇ ਕਿੰਨਾ ਚਿਰ ਸ਼ਰਮ ਮੰਨਦੀ ਬਾਹਰ ਨਾ ਨਿਕਲਦੀ, ਪਰ ਫਿਰ ਜਦੋਂ ਚਾਚਾ ਹੋ ਗਿਆ ਤਾਂ ਬੇਬੇ ਉਹਦੇ ਸਾਹੀਂ ਸਾਹ ਲੈਂਦੀ ਰਹੀ। ਇਹ ਗੱਲਾਂ ਅਮਰੋ ਬੇਬੇ (ਦਾਈ) ਸਾਨੂੰ ਸਾਰਿਆਂ ਨੂੰ ਹੱਸ-ਹੱਸ ਕੇ ਸੁਣਾਉਂਦੀ ਸੀ। ਬੇਬੇ

ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਤੇ ਸਾਡੀ ਸ਼ਰਧਾ !



ਕੱਲ੍ਹ ਪੰਜਾਬ ਵਿੱਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਛੁੱਟੀ ਹੈ। ਬਾਬਾ ਨਾਨਕ, ਜਿਨ੍ਹਾਂ ਨੇ ਸਾਰੀ ਜ਼ਿੰਦਗੀ ਕਿਰਤ ਕਰਨ ਦਾ ਸੰਦੇਸ਼ ਦਿੱਤਾ, ਅਸੀਂ ਉਨ੍ਹਾਂ ਦੇ ਜਨਮ ਦਿਨ ਨੂੰ ਛੁੱਟੀ ਕਰਕੇ ਮਨਾਉਂਦੇ ਹਾਂ। ਬਸ, ਇੱਥੋਂ ਹੀ ਸਮਝ ਲਓ ਕਿ ਅਸੀਂ ਗੁਰੂ ਦੀਆਂ ਸਿੱਖਿਆਵਾਂ 'ਤੇ ਕਿੰਨਾ ਕੁ ਚੱਲ ਰਹੇ ਹਾਂ।

ਗੁਰੂ ਸਾਹਿਬ ਨੇ ਜੋ ਕੁਝ ਕਿਹਾ, ਅਸੀਂ ਉਸ ਨੂੰ ਮੰਨਣ ਦੀ ਬਜਾਏ ਸਿਰਫ਼ ਉਸ ਦਾ ਜਾਪ ਕਰ ਰਹੇ ਹਾਂ। ਜਿਸ ਬਾਣੀ ਦਾ ਅਸੀਂ ਜਾਪ ਕਰਦੇ ਹਾਂ, ਉਹ ਗੁਰੂ ਸਾਹਿਬ ਨੇ ਸਾਡੇ ਦਿਮਾਗ਼ ਦੀਆਂ ਖਿੜਕੀਆਂ ਖੋਲ੍ਹਣ ਲਈ ਉਚਾਰੀ ਸੀ। ਸਾਡੇ ਆਲੇ-ਦੁਆਲੇ ਫੈਲੇ ਪਾਖੰਡ ਨੂੰ ਤੋੜਨ ਲਈ ਉਚਾਰੀ ਸੀ। ਉਨ੍ਹਾਂ ਨੇ ਇਹ ਸੋਚ ਕੇ ਬਾਣੀ ਉਚਾਰੀ ਸੀ ਕਿ ਇਸ ਰਾਹੀਂ ਉਹ ਸਾਨੂੰ ਜਗਾਉਣਗੇ। ਪਰ ਅਸੀਂ ਉਸੇ ਬਾਣੀ ਦਾ ਜਾਪ ਕਰਕੇ ਉਸ ਨੂੰ ਇਲਾਹੀ ਬਾਣੀ ਤਾਂ ਮੰਨ ਲਿਆ, ਪਰ ਉਸ 'ਤੇ ਅਮਲ ਕਰਨਾ ਕਦੇ ਨਹੀਂ ਸਿੱਖਿਆ।

ਬਾਬੇ ਨਾਨਕ ਨੇ ਸਾਨੂੰ ਤਿੰਨ ਗੱਲਾਂ ਦਾ ਸੰਦੇਸ਼ ਦਿੱਤਾ ਸੀ:
ਕਿਰਤ ਕਰੋ।
ਨਾਮ ਜਪੋ।
ਵੰਡ ਛਕੋ।

ਇਨ੍ਹਾਂ ਤਿੰਨ ਬਹੁਤ ਮਹੱਤਵਪੂਰਨ ਗੱਲਾਂ, ਕਿਰਤ ਕਰਨਾ ਅਤੇ ਵੰਡ ਕੇ ਛਕਣਾ, ਅਸੀਂ ਭੁੱਲ ਗਏ ਹਾਂ। ਵੰਡ ਕੇ ਛਕਣ ਦਾ ਮਤਲਬ ਸਿਰਫ਼ ਲੰਗਰ ਲਗਾਉਣਾ ਨਹੀਂ ਹੈ। ਇਸ ਦਾ ਅਸਲ ਮਤਲਬ ਹੈ ਕਿ ਜੋ ਕੁਝ ਸਾਡੇ ਕੋਲ ਹੈ, ਜੇਕਰ ਕਿਸੇ ਹੋਰ ਨੂੰ ਉਸ ਦੀ ਲੋੜ ਹੈ ਤਾਂ ਉਸ ਨਾਲ ਸਾਂਝਾ ਕਰੀਏ।

ਅਸੀਂ ਤਾਂ ਲੰਗਰ ਵੀ ਇਸ ਤਰ੍ਹਾਂ ਲਗਾਉਂਦੇ ਹਾਂ ਕਿ ਇੱਕੋ ਦਿਨ ਇੱਕੋ ਥਾਂ 'ਤੇ ਲੰਗਰ ਲੱਗਦਾ ਹੈ। ਇੱਕ ਦਿਨ ਲੋਕਾਂ ਨੂੰ ਪੂਰਾ ਠੂਸ-ਠੂਸ ਕੇ ਲੰਗਰ ਛਕਾਉਂਦੇ ਹਾਂ ਅਤੇ ਅਗਲੇ ਦਿਨ ਸਭ ਕੁਝ ਭੁੱਲ ਕੇ ਘਰ ਬੈਠ ਜਾਂਦੇ ਹਾਂ। ਕੋਈ ਪੁੱਛੇ ਕਿ ਜਿਸ ਇਨਸਾਨ ਨੂੰ ਅੱਜ ਭੋਜਨ ਨਹੀਂ ਮਿਲਿਆ, ਉਸ ਨੂੰ ਅੱਜ ਲੰਗਰ ਛਕਾ ਦਿੱਤਾ, ਪਰ ਕੀ ਕੱਲ੍ਹ ਉਸ ਨੂੰ ਭੋਜਨ ਮਿਲ ਜਾਣਾ ਹੈ?

ਚਲੋ, ਇਹ ਵੀ ਹੋਵੇ ਤਾਂ ਠੀਕ ਹੈ। ਪਰ ਅਸੀਂ ਤਾਂ ਲੰਗਰ ਵੀ ਅਜਿਹੀਆਂ ਥਾਵਾਂ 'ਤੇ ਲਗਾਉਂਦੇ ਹਾਂ, ਜਿੱਥੇ ਖਾਣ ਵਾਲੇ ਹੱਥ ਜੋੜ-ਜੋੜ ਕੇ ਲੰਘਦੇ ਹਨ ਕਿ ਅਸੀਂ ਹੋਰ ਨਹੀਂ ਖਾਣਾ। ਸਾਡੀ ਸ਼ਰਧਾ ਇਸ ਗੱਲ ਵਿੱਚ ਹੈ ਕਿ ਅਸੀਂ ਗੱਡੀਆਂ ਰੋਕ-ਰੋਕ ਕੇ ਲੋਕਾਂ ਨੂੰ ਲੰਗਰ ਛਕਾਉਂਦੇ ਹਾਂ।

ਬਾਬੇ ਨਾਨਕ ਦੀ ਸੋਚ 'ਤੇ ਚੱਲ ਕੇ ਅਸੀਂ ਵਿਗਿਆਨਕ ਵਿਚਾਰਧਾਰਾ ਨੂੰ ਅਪਣਾ ਸਕਦੇ ਹਾਂ, ਪਰ ਨਹੀਂ, ਅਸੀਂ ਅਜਿਹਾ ਕਰਨਾ ਹੀ ਨਹੀਂ ਚਾਹੁੰਦੇ। ਸਾਡੀ ਸ਼ਰਧਾ ਤਾਂ ਦੀਵੇ ਜਗਾਉਣ ਤੱਕ ਸੀਮਤ ਹੋ ਕੇ ਰਹਿ ਗਈ ਹੈ। ਜਿਸ ਕਰਮਕਾਂਡ ਤੋਂ ਬਾਬੇ ਨਾਨਕ ਨੇ ਸਾਨੂੰ ਦੂਰ ਕੀਤਾ ਸੀ, ਅੱਜ ਹਰ ਥਾਂ ਉਸੇ ਕਰਮਕਾਂਡ ਦਾ ਬੋਲਬਾਲਾ ਹੈ।

ਬਾਬਾ ਨਾਨਕ ਆਪ ਉਦਾਸੀਆਂ 'ਤੇ ਜਾ ਕੇ ਲੋਕਾਂ ਨੂੰ ਸਿੱਖਿਆਵਾਂ ਦਿੰਦਾ ਰਿਹਾ, ਪਰ ਅਸੀਂ ਉਸ ਦੀਆਂ ਸਿੱਖਿਆਵਾਂ ਨੂੰ ਸੋਨੇ ਵਿੱਚ ਲਪੇਟ ਕੇ ਰੱਖ ਦਿੱਤਾ। ਸਾਡੀ ਸ਼ਰਧਾ ਫੁੱਲਾਂ ਅਤੇ ਸੋਨੇ ਤੱਕ ਸੀਮਤ ਹੋ ਕੇ ਰਹਿ ਗਈ ਹੈ।

ਮੈਨੂੰ ਪਤਾ ਹੈ ਕਿ ਮੇਰੀ ਇਹ ਲਿਖਤ ਬਹੁਤ ਸਾਰੇ ਲੋਕਾਂ ਨੂੰ ਪਸੰਦ ਨਹੀਂ ਆਵੇਗੀ, ਪਰ ਸੱਚਾਈ ਇਹੀ ਹੈ ਜੋ ਮੈਂ ਕਹਿਣ ਦੀ ਕੋਸ਼ਿਸ਼ ਕੀਤੀ ਹੈ। ਜਿਨ੍ਹਾਂ ਨੇ ਮੋਮਬੱਤੀਆਂ, ਦੀਵੇ ਜਾਂ ਲਾਈਟਾਂ ਲਗਾ ਕੇ ਆਪਣੇ ਘਰਾਂ ਨੂੰ ਰੌਸ਼ਨੀ ਨਾਲ ਸਜਾਇਆ ਹੈ, ਉਹ ਜ਼ਰਾ ਆਪਣੇ ਮਨ ਵਿੱਚ ਵੀ ਇੱਕ ਦੀਵਾ ਜਗਾ ਲੈਣ। ਆਪਣੇ ਅੰਦਰ ਵੀ ਰੌਸ਼ਨੀ ਕਰਨ ਅਤੇ ਇਸ ਗੱਲ ਨੂੰ ਸਵੀਕਾਰ ਕਰਨ ਕਿ ਅਸੀਂ ਸਾਰੇ ਉਸੇ ਪਰਮ ਪਿਤਾ ਦੀ ਔਲਾਦ ਹਾਂ।

ਕਿਸੇ ਦੁਖੀ ਦੀ ਮਦਦ ਕਰੋ, ਕਿਸੇ ਲੋੜਵੰਦ ਦੀ ਸਹਾਇਤਾ ਕਰੋ, ਕਿਸੇ ਦੀ ਧੀ-ਭੈਣ ਵੱਲ ਮਾੜੀ ਨਜ਼ਰ ਨਾ ਰੱਖੋ ਅਤੇ ਇੱਕ ਸੁਚੱਜੀ ਜੀਵਨ ਜਾਂਚ ਨੂੰ ਅਪਣਾਓ। ਇਹੀ ਅਸਲ ਵਿੱਚ ਆਪਣੇ ਮਨਾਂ ਅੰਦਰ ਰੌਸ਼ਨੀ ਕਰਨੀ ਹੈ। ਜੇਕਰ ਮਨਾਂ ਵਿੱਚ ਰੌਸ਼ਨੀ ਹੋ ਗਈ ਤਾਂ ਇਹ ਸਾਰਾ ਸੰਸਾਰ ਰੌਸ਼ਨ ਹੋ ਜਾਵੇਗਾ।

ਕੋਸ਼ਿਸ਼ ਕਰੋ ਕਿ ਬਾਬੇ ਨਾਨਕ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਆਤਮਸਾਤ ਕਰੋ। ਆਪਣੇ ਮਨ ਵਿੱਚ ਉਨ੍ਹਾਂ ਦੀਆਂ ਸਿੱਖਿਆਵਾਂ ਦਾ ਦੀਪ ਜਗਾਓ।

ਲਿਖਤ – ਹਰਪ੍ਰੀਤ ਕੌਰ ਸੰਧੂ

ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ :
ਬਰਾਬਰੀ, ਨਿਮਰਤਾ ਅਤੇ ਨਿਸ਼ਕਾਮ ਸੇਵਾ

ਸੁਰਜੀਤ ਸਿੰਘ ਫਲੋਰਾ

ਪ੍ਰਕਾਸ਼ ਪੁਰਬ ਚਾਨਣ ਦੇ ਜਨਮ ਦਾ ਦਿਹਾੜਾ ਹੈ, ਜੋ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਆਗਮਨ ਦੀ ਖੁਸ਼ੀ ਵਿੱਚ ਮਨਾਇਆ ਜਾਂਦਾ ਹੈ। ਸਿੱਖ ਧਰਮ ਦੇ ਬਾਨੀ ਗੁਰੂ ਜੀ ਦਾ ਜਨਮ 1469 ਈ. ਵਿੱਚ ਪੰਜਾਬ ਦੇ ਰਾਇ ਭੋਏ ਦੀ ਤਲਵੰਡੀ, ਮੌਜੂਦਾ ਨਨਕਾਣਾ ਸਾਹਿਬ (ਪਾਕਿਸਤਾਨ), ਵਿਖੇ ਹੋਇਆ ਸੀ। ਉਨ੍ਹਾਂ ਦੀਆਂ ਸਿੱਖਿਆਵਾਂ ਵੱਖੋ-ਵੱਖਰੇ ਧਰਮਾਂ ਅਤੇ ਦੇਸ਼ਾਂ ਦੇ ਲੋਕਾਂ ਨੂੰ ਸਾਂਝੀ ਮਨੁੱਖਤਾ ਦੇ ਅਧਾਰ ਉੱਤੇ ਜੋੜਦੀਆਂ ਹਨ। ਇਸ ਦਿਹਾੜੇ ਦੀ ਖੁਸ਼ੀ ਉਦੋਂ ਜੀਵਨ ਦਾ ਹਿੱਸਾ ਬਣਦੀ ਹੈ, ਜਦੋਂ ਸ਼ਰਧਾ ਦੇ ਨਾਲ ਉਨ੍ਹਾਂ ਦੇ ਦੱਸੇ ਮਾਰਗ ਅਤੇ ਸੰਦੇਸ਼ ਨੂੰ ਅਸੀਂ ਆਪਣੇ ਰੁਜ਼ਾਨਾ ਦੇ ਜੀਵਨ ਵਿੱਚ ਅਪਣਾਉਂਦੇ ਹਾਂ।

ਇੱਕ ਓਅੰਕਾਰ ਦਾ ਭਾਵ ਹੈ ਕਿ ਸਿਰਜਣਹਾਰ ਇੱਕ ਹੈ ਅਤੇ ਸਾਰੀ ਸ੍ਰਿਸ਼ਟੀ ਵਿੱਚ ਉਸੇ ਦੀ ਜੋਤ ਹੈ। ਗੁਰੂ ਨਾਨਕ ਦੇਵ ਜੀ ਦਾ ਮੁੱਖ ਸੰਦੇਸ਼ ਇੱਕ ਓਅੰਕਾਰ ਅਤੇ ਸਮੂਹ ਮਨੁੱਖਤਾ ਦੀ ਬਰਾਬਰੀ ਉੱਤੇ ਕੇਂਦਰਿਤ ਹੈ। ਕਿਸੇ ਦਾ ਮੁੱਲ ਉਸਦੀ ਜਾਤ, ਧਰਮ, ਲਿੰਗ ਜਾਂ ਪਰਿਵਾਰਕ ਪਿਛੋਕੜ ਨਾਲ ਵੱਧ ਜਾਂ ਘੱਟ ਨਹੀਂ ਹੁੰਦਾ; ਇਸ ਲਈ ਦੂਜੇ ਮਨੁੱਖ ਦਾ ਆਦਰ ਕਰਨਾ ਆਤਮਿਕ ਜੀਵਨ ਦਾ ਅੰਗ ਹੈ। ਇਹ ਨਜ਼ਰੀਆ ਸਮਾਜਿਕ ਦਰਜੇ ਦੇ ਅਧਾਰ ਉੱਤੇ ਉੱਚੇ-ਨੀਵੇਂ ਹੋਣ ਦੀ ਸੋਚ ਨੂੰ ਰੱਦ ਕਰਦਾ ਹੈ।

ਸੱਚ ਦੀ ਖੋਜ ਕਰਨ ਵਾਲੇ ਲਈ ਇਹ ਸੰਦੇਸ਼ ਧਾਰਮਿਕ ਪਛਾਣ ਦੀਆਂ ਹੱਦਾਂ ਤੋਂ ਪਰੇ ਅਰਥ ਰੱਖਦਾ ਹੈ। ਇਹ ਸੋਚ ਦੂਜੇ ਧਰਮ ਦੇ ਵਿਅਕਤੀ ਨੂੰ ਪਰਾਇਆ ਸਮਝਣ ਦੀ ਥਾਂ ਸਾਂਝੇ ਮਨੁੱਖੀ ਪਰਿਵਾਰ ਦਾ ਹਿੱਸਾ ਮੰਨਦੀ ਹੈ। ਇਸੇ ਕਰਕੇ ਪ੍ਰਕਾਸ਼ ਪੁਰਬ ਵੱਖਰੇ ਵਿਸ਼ਵਾਸਾਂ ਵਾਲੇ ਲੋਕਾਂ ਲਈ ਵੀ ਸਤਿਕਾਰ ਦਾ ਮੌਕਾ ਹੈ। ਆਪਸੀ ਸੰਵਾਦ ਅਤੇ ਧਾਰਮਿਕ ਅਜ਼ਾਦੀ ਦਾ ਆਦਰ ਇਸ ਸੋਚ ਨਾਲ ਮੇਲ ਖਾਂਦੇ ਹਨ।

ਉਨ੍ਹਾਂ ਦੀਆਂ ਤਿੰਨ ਸਿੱਖਿਆਵਾਂ ਰੁਜ਼ਾਨਾ ਜੀਵਨ ਨੂੰ ਕਿਵੇਂ ਰਾਹ ਦਿਖਾਉਂਦੀਆਂ ਹਨ। ਗੁਰੂ ਜੀ ਦੀਆਂ ਸਿੱਖਿਆਵਾਂ ਮਨ ਦੇ ਅਭਿਆਸ ਨੂੰ ਰੋਜ਼ੀ-ਰੋਟੀ ਅਤੇ ਸਮਾਜਿਕ ਜ਼ਿੰਮੇਵਾਰੀ ਨਾਲ ਜੋੜਦੀਆਂ ਹਨ।

ਨਾਮ ਜਪਣਾ, ਕਿਰਤ ਕਰਨੀ ਅਤੇ ਵੰਡ ਛਕਣਾ

ਨਾਮ ਜਪਣਾ ਰੱਬ ਨੂੰ ਯਾਦ ਕਰਨਾ ਅਤੇ ਮਨ ਨੂੰ ਸੱਚ ਨਾਲ ਜੋੜਨਾ ਹੈ। ਰੁਝੇਵੇਂ ਭਰੇ ਦਿਨ ਵਿੱਚ ਗੁਰਬਾਣੀ ਦੇ ਸਿਮਰਨ ਲਈ ਸਮਾਂ ਰੱਖਣਾ ਇਸਦਾ ਸਿੱਧਾ ਅਮਲ ਹੈ। ਕਿਰਤ ਕਰਨੀ ਦਾ ਅਰਥ ਇਮਾਨਦਾਰੀ ਨਾਲ ਦਸਾਂ ਨਹੁੰਆਂ ਨਾਲ ਮਿਹਨਤ ਕਰਕੇ ਰੋਜ਼ੀ ਕਮਾਉਣਾ ਹੈ। ਮਿਸਾਲ ਵਜੋਂ, ਕੰਮ ਦੇ ਪੂਰੇ ਘੰਟੇ ਲਾਉਣਾ ਅਤੇ ਗਾਹਕ ਨਾਲ ਠੱਗੀ ਨਾ ਕਰਨਾ ਕਿਰਤ ਦੀ ਨੈਤਿਕਤਾ ਹੈ। ਵੰਡ ਛਕਣਾ ਆਪਣੀ ਕਮਾਈ ਅਤੇ ਸਰੋਤ ਦੂਜਿਆਂ ਨਾਲ ਸਾਂਝੇ ਕਰਨ ਦੀ ਸਿੱਖਿਆ ਹੈ। ਘਰ ਦੀ ਆਮਦਨੀ ਵਿੱਚੋਂ ਲੋੜਵੰਦਾਂ ਦੇ ਭੋਜਨ ਲਈ ਹਿੱਸਾ ਰੱਖਣਾ ਇਸ ਨੂੰ ਰੁਜ਼ਾਨਾ ਦੀ ਆਦਤ ਬਣਾਉਂਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਜਾਤ-ਪਾਤ ਅਤੇ ਭੇਦਭਾਵ ਦਾ ਵਿਰੋਧ ਕੀਤਾ ਅਤੇ ਔਰਤਾਂ ਦੀ ਬਰਾਬਰੀ ਉੱਤੇ ਜ਼ੋਰ ਦਿੱਤਾ।

ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥ ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ:

ਗੁਰੂ ਸਾਹਿਬਾਨ ਨੇ ਇਸਤਰੀ ਨੂੰ ਪੁਰਖ ਦੇ ਬਰਾਬਰ ਦਰਜਾ ਦਿੱਤਾ ਅਤੇ ਦੋਹਾਂ ਵਿੱਚ ਉੱਚ-ਨੀਚ ਦਾ ਭੇਦ ਨਹੀਂ ਮੰਨਿਆ। ਸਿੱਖੀ ਵਿੱਚ 'ਮਨੁੱਖ' ਦੀ ਧਾਰਨਾ ਇਸਤਰੀ ਅਤੇ ਪੁਰਖ, ਦੋਹਾਂ ਨੂੰ ਸਮੇਟਦੀ ਹੈ। ਉਹ ਇੱਕੋ ਮਨੁੱਖੀ ਹੋਂਦ ਦੇ ਦੋ ਰੂਪ ਹਨ। ਗੁਰੂ ਰਾਮਦਾਸ ਜੀ ਦੀ ਬਾਣੀ, 'ਨਾਰੀ ਪੁਰਖੁ ਪੁਰਖੁ ਸਭ ਨਾਰੀ ਸਭੁ ਏਕੋ ਪੁਰਖੁ ਮੁਰਾਰੇ॥' ਇਸ ਵਿਚਾਰ ਨੂੰ ਸਪਸ਼ਟ ਕਰਦੀ ਹੈ ਕਿ ਜੀਵਾਂ ਵਿੱਚ ਲਿੰਗ ਦਾ ਫਰਕ ਪਰਮਾਤਮਾ ਦੀ ਇਕਸਾਰ ਹਾਜ਼ਰੀ ਨੂੰ ਵੱਖ ਨਹੀਂ ਕਰਦਾ। ਗੁਰਬਾਣੀ ਵਿੱਚ ਪਰਮਾਤਮਾ ਨੂੰ 'ਕੰਤ' ਜਾਂ 'ਪਿਰ' ਕਿਹਾ ਗਿਆ ਹੈ ਅਤੇ ਮਨੁੱਖੀ ਜੀਵ ਨੂੰ ਉਸਦੀ ਮਿਲਾਪ-ਚਾਹਵਾਨ ਇਸਤਰੀ ਵਜੋਂ ਦਰਸਾਇਆ ਗਿਆ ਹੈ। ਇਹ ਰੂਪਕ ਇਸਤਰੀ ਨੂੰ ਘੱਟ ਦਰਜਾ ਦੇਣ ਲਈ ਨਹੀਂ, ਸਗੋਂ ਹਰ ਜੀਵ ਲਈ ਪ੍ਰੇਮ, ਨਿਮਰਤਾ ਅਤੇ ਨਾਮ-ਸਿਮਰਨ ਦਾ ਰਾਹ ਸਮਝਾਉਣ ਲਈ ਹੈ। ਇਸ ਤਰ੍ਹਾਂ ਗੁਰਬਾਣੀ ਦੀ ਭਾਸ਼ਾ ਵਿੱਚ ਇਸਤਰੀ-ਪੁਰਖ ਦੀ ਸਮਾਨਤਾ ਅਤੇ ਪ੍ਰਭੂ ਨਾਲ ਜੁੜਨ ਦੀ ਸਾਂਝੀ ਇੱਛਾ ਇਕੱਠੇ ਪ੍ਰਗਟ ਹੁੰਦੇ ਹਨ।

ਨਾ ਮੈਂ ਕੁਲੁ ਨਾ ਸੋਭਾਵੰਤ॥
ਕਿਆ ਜਾਨਾ ਕਿਉਂ ਭਾਨੀ ਕੰਤ॥
ਮੋਹਿ ਅਨਾਥ ਗਰੀਬ ਨਿਮਾਨੀ॥
ਕੰਤ ਪਕਰਿ ਹਮ ਕੀਨੀ ਰਾਨੀ॥
(ਆਸਾ ਮਹਲਾ 5)

ਗੁਰਬਾਣੀ ਦੀ ਰਚਨਾ ਉਸ ਸਮੇਂ ਦੀਆਂ ਭਾਸ਼ਾਵਾਂ ਵਿੱਚ ਹੋਈ, ਜਿਨ੍ਹਾਂ ਦੇ ਵਿਆਕਰਨ ਅਤੇ ਸਮਾਜਿਕ ਰਵਾਇਤਾਂ ਉੱਤੇ ਮਰਦ-ਪ੍ਰਧਾਨ ਬਣਤਰ ਦਾ ਅਸਰ ਸੀ। ਇਸ ਭਾਸ਼ਾਈ ਪਿਛੋਕੜ ਵਿੱਚ ਬ੍ਰਹਮ ਨੂੰ ਪੁਰਖ ਅਤੇ ਜੀਵ-ਆਤਮਾ ਨੂੰ ਇਸਤਰੀ ਰੂਪ ਵਿੱਚ ਦਰਸਾਇਆ ਗਿਆ, ਜਦਕਿ ਉਨ੍ਹਾਂ ਦੇ ਰਿਸ਼ਤੇ ਲਈ ਮਾਲਕ ਅਤੇ ਦਾਸ ਦੀ ਉਪਮਾ ਆਈ। ਪਰ ਇਸ ਰੂਪਕ ਨੂੰ ਸਮਾਜਿਕ ਦਰਜੇ ਜਾਂ ਲਿੰਗ-ਆਧਾਰਿਤ ਅਧੀਨਤਾ ਦੀ ਹਿਮਾਇਤ ਸਮਝਣਾ ਠੀਕ ਨਹੀਂ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਪੁਰਖ ਅਤੇ ਇਸਤਰੀ ਦੇ ਇਹ ਰੂਪ ਅਧਿਆਤਮਿਕ ਭਾਵ ਪ੍ਰਗਟਾਉਣ ਵਾਲੇ ਚਿੰਨ੍ਹ ਹਨ: ਜੀਵ-ਆਤਮਾ ਦੀ ਪਰਮਾਤਮਾ ਨਾਲ ਜੁੜਨ ਦੀ ਲੋਚਾ ਅਤੇ ਉਸ ਪ੍ਰਤੀ ਸਮਰਪਣ। ਇਸ ਲਈ ਇਨ੍ਹਾਂ ਸ਼ਬਦਾਂ ਦਾ ਅਰਥ ਉਨ੍ਹਾਂ ਦੇ ਕਾਵਿ ਅਤੇ ਅਧਿਆਤਮਿਕ ਸੰਦਰਭ ਵਿੱਚ ਸਮਝਣਾ ਚਾਹੀਦਾ ਹੈ, ਨਾ ਕਿ ਮਨੁੱਖੀ ਰਿਸ਼ਤਿਆਂ ਲਈ ਸਿੱਧਾ ਸਮਾਜਿਕ ਨਿਯਮ ਮੰਨ ਕੇ। ਗੁਰਬਾਣੀ ਦਾ ਕੇਂਦਰ ਹਰ ਜੀਵ ਦੀ ਪਰਮਾਤਮਾ ਨਾਲ ਸਾਂਝ ਹੈ, ਅਤੇ ਇਹ ਸਾਂਝ ਲਿੰਗ ਦੇ ਅਧਾਰ ਉੱਤੇ ਕਿਸੇ ਦੀ ਘੱਟ ਜਾਂ ਵੱਧ ਅਧਿਆਤਮਿਕ ਕੀਮਤ ਤੈਅ ਨਹੀਂ ਕਰਦੀ।

ਸੱਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ॥
ਗਣਤ ਗਣਾਵਣਿ ਆਈਆਂ ਸੂਹਾ ਵੇਸ ਵਿਕਾਰੁ॥
ਪਖੰਡ ਪ੍ਰੇਮ ਨ ਪਾਈਐ ਖੋਟਾ ਪਾਜੁ ਖੁਆਰ॥

ਗੁਰੂ ਸਾਹਿਬ ਨੇ ਸੁਹਾਗਣ, ਸੁਲੱਖਣੀ, ਸੁਚੱਜੀ, ਸਚਿਆਰ ਬਣਨ ਦੇ ਰਾਹ ਸੁਝਾਏ ਹਨ, ਉਹ ਸਿਰਫ ਇਸਤਰੀਆਂ ਲਈ ਹੀ ਨਹੀਂ ਬਲਕਿ ਸਮੂਹ ਮਨੁੱਖਾਂ ਲਈ ਹਨ; ਬਿਨਾਂ ਕਿਸੇ ਨਸਲ, ਰੰਗ, ਜਾਤ ਤੇ ਭੇਦਭਾਵ ਦੇ। ਸੱਚਾ ਚਰਿੱਤਰ ਦੂਜਿਆਂ ਨਾਲ ਇਨਸਾਫ ਕਰਨ ਵਿੱਚ ਦਿਸਦਾ ਹੈ, ਭਾਵੇਂ ਉਸ ਲਈ ਨਿੱਜੀ ਲਾਭ ਛੱਡਣਾ ਪਵੇ। ਇਸੇ ਤਰ੍ਹਾਂ ਨਿਸ਼ਕਾਮ ਸੇਵਾ ਵਿੱਚ ਇਨਾਮ ਜਾਂ ਪ੍ਰਸਿੱਧੀ ਦੀ ਆਸ ਨਹੀਂ ਹੁੰਦੀ। ਲੰਗਰ ਵਿੱਚ ਲੋਕ ਇਕੱਠੇ ਪੰਗਤ ਵਿੱਚ ਬੈਠ ਕੇ ਭੋਜਨ ਛਕਦੇ ਹਨ ਅਤੇ ਬਰਾਬਰੀ ਦਾ ਅਮਲ ਕਰਦੇ ਹਨ। ਇੱਥੇ ਨਿਮਰਤਾ ਦਾ ਅਰਥ ਦੂਜੇ ਨੂੰ ਘੱਟ ਸਮਝੇ ਬਿਨਾਂ ਆਪਣੀ ਜ਼ਿੰਮੇਵਾਰੀ ਨਿਭਾਉਣਾ ਹੈ।

ਗੁਰਦੁਆਰੇ ਵਿੱਚ ਸੰਗਤ ਗੁਰਬਾਣੀ ਸੁਣਦੀ ਹੈ, ਅਰਦਾਸ ਵਿੱਚ ਜੁੜਦੀ ਹੈ ਅਤੇ ਮਿਲ ਕੇ ਸੇਵਾ ਕਰਦੀ ਹੈ। ਕਈ ਗੁਰਦੁਆਰਿਆਂ ਵਿੱਚ ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਹੁੰਦਾ ਹੈ। ਇਹ ਲਗਭਗ 48 ਘੰਟਿਆਂ ਦਾ ਨਿਰੰਤਰ ਪਾਠ ਹੁੰਦਾ ਹੈ, ਜਿਸ ਵਿੱਚ ਪਾਠੀ ਵਾਰੀ ਅਨੁਸਾਰ ਪਾਠ ਕਰਦੇ ਹਨ। ਸਥਾਨਕ ਰਵਾਇਤਾਂ ਅਨੁਸਾਰ ਸਮਾਗਮਾਂ ਦੀ ਤਰਤੀਬ ਅਤੇ ਹੋਰ ਪ੍ਰਬੰਧ ਵੱਖ ਹੋ ਸਕਦੇ ਹਨ। ਸ਼ਬਦ ਕੀਰਤਨ ਵੇਲੇ ਰਾਗੀ ਜਥੇ ਗੁਰਬਾਣੀ ਗਾਉਂਦੇ ਹਨ ਅਤੇ ਸੰਗਤ ਧਿਆਨ ਨਾਲ ਸੁਣਦੀ ਹੈ। ਪਾਠ ਅਤੇ ਕੀਰਤਨ ਦਾ ਕੇਂਦਰ ਗੁਰੂ ਜੀ ਦੀ ਸਿੱਖਿਆ, ਮਨ ਦੀ ਸ਼ਾਂਤੀ ਅਤੇ ਸਾਂਝਾ ਸਿਮਰਨ ਹੁੰਦਾ ਹੈ।

ਲੰਗਰ ਦੀ ਰਸੋਈ ਵਿੱਚ ਆਟਾ ਗੁੰਨ੍ਹਣ, ਰੋਟੀਆਂ ਬਣਾਉਣ ਅਤੇ ਦਾਲ ਤਿਆਰ ਕਰਨ ਲਈ ਸੇਵਾਦਾਰ ਇਕੱਠੇ ਕੰਮ ਕਰਦੇ ਹਨ। ਕੋਈ ਭੋਜਨ ਵਰਤਾਉਂਦਾ ਹੈ ਅਤੇ ਕੋਈ ਭਾਂਡੇ ਮਾਂਜਦਾ ਜਾਂ ਫਰਸ਼ ਸਾਫ ਕਰਦਾ ਹੈ। ਹਰ ਉਮਰ ਅਤੇ ਪਿਛੋਕੜ ਦੇ ਲੋਕ ਆਪਣੀ ਸਮਰੱਥਾ ਅਨੁਸਾਰ ਇਸ ਸੇਵਾ ਵਿੱਚ ਹਿੱਸਾ ਲੈ ਸਕਦੇ ਹਨ। ਬੱਚੇ ਵੱਡਿਆਂ ਦੀ ਨਿਗਰਾਨੀ ਹੇਠ ਹਲਕੇ ਕੰਮਾਂ ਨਾਲ ਸੇਵਾ ਕਰਦੇ ਹਨ। ਭੋਜਨ ਦੀ ਬਰਬਾਦੀ ਘਟਾਉਣਾ ਅਤੇ ਲੋੜਵੰਦ ਨੂੰ ਸਤਿਕਾਰ ਨਾਲ ਖਾਣਾ ਦੇਣਾ ਵੀ ਇਸੇ ਸੇਵਾ ਦੀ ਜ਼ਿੰਮੇਵਾਰੀ ਹੈ। ਗੁਰੂ ਜੀ ਦੀ ਸਿੱਖਿਆ ਮੁਤਾਬਿਕ ਮਨੁੱਖ ਦਾ ਮਾਣ ਧਨ ਜਾਂ ਅਹੁਦੇ ਨਾਲ ਤੈਅ ਨਹੀਂ ਹੁੰਦਾ। ਧਨ ਜੀਵਨ ਦੀਆਂ ਲੋੜਾਂ ਪੂਰੀਆਂ ਕਰਦਾ ਹੈ, ਪਰ ਆਪਣੇ ਆਪ ਸੰਤੋਖ ਦੀ ਗਰੰਟੀ ਨਹੀਂ ਦਿੰਦਾ। ਨੈਤਿਕ ਪ੍ਰਾਪਤੀ ਇਮਾਨਦਾਰ ਫੈਸਲੇ ਵਿੱਚ ਦਿਸਦੀ ਹੈ, ਭਾਵੇਂ ਗ਼ਲਤ ਰਾਹ ਨਾਲ ਵੱਧ ਕਮਾਈ ਹੋ ਸਕਦੀ ਹੋਵੇ। ਆਤਮਿਕ ਵਿਕਾਸ ਮਨ ਦੀ ਹਉਮੈਂ ਪਛਾਣਨ ਅਤੇ ਨਿਮਰਤਾ ਨਾਲ ਜਿਉਣ ਵਿੱਚ ਹੈ। ਇਸ ਨਜ਼ਰੀਏ ਨਾਲ ਸਫਲਤਾ ਦਾ ਮੁੱਲ ਉਸਦੇ ਮਨੁੱਖੀ ਅਸਰ ਨਾਲ ਵੀ ਜੁੜਦਾ ਹੈ।

ਟੋਰਾਂਟੋ, ਲੰਡਨ ਜ

ਲੁਧਿਆਣਾ ਦੇ 6 ਮਹਾਨ ਖਿਡਾਰੀ ਦੇ ਨਾਮ ਤੇ ਰੱਖੇ ਐਵਾਰਡ ਮਿਲਣਗੇ ਅੰਡਰ 17 ਸਾਲ ਦੇ ਉਭਰਦੇ ਖਿਡਾਰੀਆਂ ਨੂੰ


OLYMPIAN BALBIR SINGH


R.S NAGI


HARDEEP SINGH


SHARANJIT KAUR


HARJOT SINGH

ਲੁਧਿਆਣਾ : 10ਵਾਂ ਗੁਰੂ ਗੋਬਿੰਦ ਸਿੰਘ ਗੋਲਡ ਕੱਪ ਅੰਡਰ-17 (ਮੁੰਡੇ ਅਤੇ ਕੁੜੀਆਂ) 29 ਨਵੰਬਰ ਤੋਂ 2 ਦਸੰਬਰ 2026 ਤੱਕ ਸਥਾਨਕ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਸਟੇਡੀਅਮ, ਪੀ.ਏ.ਯੂ., ਲੁਧਿਆਣਾ ਵਿਖੇ ਖੇਡਿਆ ਜਾਵੇਗਾ। ਇਸ ਮੌਕੇ ਲੁਧਿਆਣਾ ਜ਼ਿਲ੍ਹੇ ਦੇ ਉੱਭਰਦੇ 5 ਖਿਡਾਰੀਆਂ ਅਤੇ 1 ਕੋਚ ਦਾ ਵੱਖ-ਵੱਖ ਐਵਾਰਡਾਂ ਨਾਲ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਇਹ ਐਵਾਰਡ ਲੁਧਿਆਣਾ ਜ਼ਿਲ੍ਹੇ ਨਾਲ ਸੰਬੰਧਿਤ 6 ਮਹਾਨ ਖਿਡਾਰੀਆਂ ਦੇ ਨਾਮ ਤੇ ਮਿਲਣਗੇ ਜਿੰਨਾਂ ਦਾ ਵੇਰਵਾ ਇਸਤਰਾਂ ਹੈ।

1. 1982 ਏਸ਼ੀਅਨ ਖੇਡਾਂ ਜੇਤੂ ਸ਼ਰਨਜੀਤ ਕੌਰ ਐਵਾਰਡ

ਮੁੰਡੀਆਂ ਕਲਾਂ ਹਾਕੀ ਸੈਂਟਰ ਦੀ ਉੱਭਰਦੀ ਹਾਕੀ ਖਿਡਾਰਨ ਜੈਸਮੀਨ ਕੌਰ ਜਿਸ ਨੇ ਅੰਡਰ-17 ਵਰਗ ਵਿੱਚ ਕੌਮੀ ਸਕੂਲ ਹਾਕੀ ਚੈਂਪੀਅਨਸ਼ਿਪ ਰਾਂਚੀ ਵਿੱਚ ਹਿੱਸਾ ਲਿਆ ਅਤੇ 4 ਵਾਰ ਪੰਜਾਬ ਸਕੂਲ ਗੇਮਜ਼ ਵਿੱਚ ਲੁਧਿਆਣਾ ਜ਼ਿਲ੍ਹੇ ਦੀ ਨੁਮਾਇੰਦਗੀ ਕੀਤੀ। ਉਸ ਦੀਆਂ ਪ੍ਰਾਪਤੀਆਂ ਨੂੰ ਦੇਖਦਿਆਂ ਉਸਨੂੰ "1982 ਏਸ਼ੀਅਨ ਖੇਡਾਂ ਦੀ ਗੋਲਡ ਮੈਡਲਿਸਟ ਓਲੰਪੀਅਨ ਸ਼ਰਨਜੀਤ ਕੌਰ ਐਵਾਰਡ" ਨਾਲ ਸਨਮਾਨਿਆ ਜਾਵੇਗਾ।

2. ਅੰਤਰਰਾਸ਼ਟਰੀ ਗੋਲਕੀਪਰ ਹਰਜੋਤ ਸਿੰਘ ਜਯੋਤੀ ਐਵਾਰਡ

ਜਰਖੜ ਹਾਕੀ ਅਕੈਡਮੀ ਦੇ ਉੱਭਰਦੇ ਗੋਲਕੀਪਰ ਰਵਿੰਦਰ ਸਿੰਘ ਰਵੀ ਜਿਨ੍ਹਾਂ ਨੇ ਪੰਜਾਬ ਸਕੂਲ ਸਟੇਟ ਖੇਡਾਂ ਵਿੱਚ ਕਾਂਸੀ ਦਾ ਤਗਮਾ ਅਤੇ ਖੇਡਾਂ ਵਤਨ ਪੰਜਾਬ ਵਿੱਚ ਸੋਨੇ ਦਾ ਤਗਮਾ ਜਿੱਤਿਆ ਹੈ। ਉਹਨਾਂ ਦੀਆਂ ਪ੍ਰਾਪਤੀਆਂ ਨੂੰ ਦੇਖਦਿਆਂ "ਅੰਤਰਰਾਸ਼ਟਰੀ ਹਾਕੀ ਖਿਡਾਰੀ ਹਰਜੋਤ ਸਿੰਘ ਜਯੋਤੀ ਐਵਾਰਡ" ਨਾਲ ਸਨਮਾਨਿਆ ਜਾਵੇਗਾ।

3. ਕੌਮੀ ਹਾਕੀ ਖਿਡਾਰੀ ਰਛਪਾਲ ਸਿੰਘ ਨਾਗੀ ਐਵਾਰਡ

ਮਾਲਵਾ ਹਾਕੀ ਅਕੈਡਮੀ ਦੇ ਉੱਭਰਦੇ ਫੁੱਲਬੈਕ ਅਤੇ ਪੈਨਲਟੀ ਕਾਰਨਰ ਸਪੈਸ਼ਲਿਸਟ ਮਨਮੋਹਨ ਸਿੰਘ ਜਿਸ ਨੇ ਅੰਡਰ-14 ਵਰਗ ਵਿੱਚ ਕੌਮੀ ਹਾਕੀ ਚੈਂਪੀਅਨਸ਼ਿਪ ਖੇਡੀ ਅਤੇ ਸਟੇਟ ਪੱਧਰ 'ਤੇ ਵੱਡੀਆਂ ਪ੍ਰਾਪਤੀਆਂ ਕੀਤੀਆਂ। ਉਹਨਾਂ ਨੂੰ "ਕੌਮੀ ਹਾਕੀ ਖਿਡਾਰੀ ਰਛਪਾਲ ਸਿੰਘ ਨਾਗੀ ਐਵਾਰਡ" ਨਾਲ ਸਨਮਾਨਿਆ ਜਾਵੇਗਾ।

4. ਓਲੰਪੀਅਨ ਹਰਦੀਪ ਸਿੰਘ ਗਰੇਵਾਲ ਐਵਾਰਡ

ਚਚਰਾੜੀ ਹਾਕੀ ਅਕੈਡਮੀ ਦੇ ਹੋਣਹਾਰ ਹਾਫ ਬੈਕ ਪ੍ਰਭਜੋਤ ਸਿੰਘ ਜਿਨ੍ਹਾਂ ਨੇ ਸਟੇਟ ਸਕੂਲ ਖੇਡਾਂ ਵਿੱਚ ਚਾਂਦੀ ਦਾ ਤਮਗਾ ਜਿੱਤਿਆ, ਖੇਡਾਂ ਵਤਨ ਪੰਜਾਬ ਅਤੇ ਹੋਰ ਖੇਡ ਮੁਕਾਬਲਿਆਂ ਵਿੱਚ ਵੱਡੀਆਂ ਪ੍ਰਾਪਤੀਆਂ ਹਾਸਲ ਕੀਤੀਆਂ। ਉਹਨਾਂ ਨੂੰ ਹਾਫ ਬੈਕ ਵਜੋਂ "ਓਲੰਪੀਅਨ ਹਰਦੀਪ ਸਿੰਘ ਗਰੇਵਾਲ ਐਵਾਰਡ" ਨਾਲ ਸਨਮਾਨਿਆ ਜਾਵੇਗਾ।

5. ਓਲੰਪੀਅਨ ਬਲਵੀਰ ਸਿੰਘ ਰੇਲਵੇ ਐਵਾਰਡ

ਜ਼ਿਲ੍ਹਾ ਲੁਧਿਆਣਾ ਦੀ ਹਾਕੀ ਟੀਮ ਦੇ ਹੋਣਹਾਰ ਉੱਭਰਦੇ ਖਿਡਾਰੀ, ਜਰਖੜ ਹਾਕੀ ਅਕੈਡਮੀ ਦੇ ਟਰੇਨੀ ਅਤੇ ਪੈਨਲਟੀ ਕਾਰਨਰ ਸਪੈਸ਼ਲਿਸਟ ਫਾਰਵਰਡ ਗੁਰਮਾਨਵਦੀਪ ਸਿੰਘ ਚਾਹਲ ਜਿਨ੍ਹਾਂ ਨੇ 3 ਵਾਰ ਕੌਮੀ ਸਕੂਲ ਹਾਕੀ ਚੈਂਪੀਅਨਸ਼ਿਪ ਖੇਡੀ ਅਤੇ ਤਗਮੇ ਹਾਸਲ ਕੀਤੇ। ਉਹਨਾਂ ਨੂੰ "ਓਲੰਪੀਅਨ ਬਲਵੀਰ ਸਿੰਘ ਰੇਲਵੇ ਹਾਕੀ ਐਵਾਰਡ" ਨਾਲ ਸਨਮਾਨਿਆ ਜਾਵੇਗਾ।

6. ਪਦਮ ਸ਼੍ਰੀ, ਦਰੋਣਾਚਾਰੀਆ ਹਾਕੀ ਕੋਚ ਬਲਦੇਵ ਸਿੰਘ ਐਵਾਰਡ

ਲੁਧਿਆਣਾ ਜ਼ਿਲ੍ਹੇ ਦੇ ਚਰਚਿਤ ਪਿੰਡ ਕਿਲ੍ਹਾ ਰਾਏਪੁਰ ਦੇ ਨਾਮੀ ਖਿਡਾਰੀ ਅਤੇ ਲਵਲੀ ਯੂਨੀਵਰਸਿਟੀ ਦੇ ਚੀਫ ਕੋਚ ਜਗਜੀਤ ਸਿੰਘ ਜੱਗੀ ਜਿਨ੍ਹਾਂ ਦੀ ਕੋਚਿੰਗ ਸਦਕਾ ਲਵਲੀ ਯੂਨੀਵਰਸਿਟੀ ਨੇ ਆਲ ਇੰਡੀਆ ਅੰਤਰ-ਯੂਨੀਵਰਸਿਟੀ ਵਿੱਚ ਚਾਂਦੀ ਦਾ ਤਮਗਾ ਜਿੱਤਿਆ। ਹਾਕੀ ਕੋਚਿੰਗ ਵਿੱਚ ਉਹਨਾਂ ਦੀਆਂ ਵਡਮੁੱਲੀਆਂ ਪ੍ਰਾਪਤੀਆਂ ਨੂੰ ਦੇਖਦਿਆਂ ਉਹਨਾਂ ਨੂੰ "ਪਦਮ ਸ਼੍ਰੀ, ਦਰੋਣਾਚਾਰੀਆ ਹਾਕੀ ਕੋਚ ਬਲਦੇਵ ਸਿੰਘ ਐਵਾਰਡ" ਨਾਲ ਸਨਮਾਨਿਆ ਜਾਵੇਗਾ।

ਹਰ ਸਨਮਾਨਿਤ ਸ਼ਖਸੀਅਤ ਨੂੰ 5000 ਰੁਪਏ ਦੀ ਨਗਦ ਰਾਸ਼ੀ, ਐਵਾਰਡ, ਲੋਈ ਅਤੇ ਯਾਦਗਾਰੀ ਚਿੰਨ੍ਹ ਨਾਲ ਸਨਮਾਨਿਤ ਕੀਤਾ ਜਾਵੇਗਾ। ਉਕਤ ਐਵਾਰਡੀ ਸ਼ਖਸੀਅਤਾਂ ਆਪਣੇ ਹੱਥੀਂ ਹੀ ਇਹਨਾਂ ਉੱਭਰਦੇ ਖਿਡਾਰੀਆਂ ਅਤੇ ਕੋਚ ਨੂੰ ਐਵਾਰਡ ਪ੍ਰਦਾਨ ਕਰਨਗੇ।

ਜਗਰੂਪ ਸਿੰਘ ਜਰਖੜ
ਖੇਡ ਲੇਖਕ
98143-00722

ਰਾਊਂਡ ਗਲਾਸ ਨੇ ਨਾਮਧਾਰੀ ਇਲੈਵਨ ਨੂੰ ਹਰਾਇਆ



ਮੁਹਾਲੀ ਦੇ ਸੈਕਟਰ 63 ਦੇ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਇੰਟਰਨੈਸ਼ਨਲ ਹਾਕੀ ਸਟੇਡੀਅਮ ਵਿੱਚ ਖੇਡੇ ਜਾ ਰਹੇ ਪੰਜਾਬ ਹਾਕੀ ਲੀਗ ਸੀਜ਼ਨ-3 'ਚ ਰਾਊਂਡ ਗਲਾਸ ਹਾਕੀ ਅਕੈਡਮੀ ਨੇ ਨਾਮਧਾਰੀ ਇਲੈਵਨ ਨੂੰ 3-1 ਨਾਲ ਹਰਾ ਕੇ ਲਗਾਤਾਰ ਤੀਜੀ ਜਿੱਤ ਦਰਜ ਕਰ ਕੇ ਅੰਕ ਸੂਚੀ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ। ਦਿਨ ਦੇ ਪਹਿਲੇ ਮੈਚ ਵਿੱਚ ਗੌਰਮਿੰਟ ਹਾਕੀ ਅਕੈਡਮੀ ਸੋਨੀਪਤ ਨੇ ਨਿਰਧਾਰਿਤ ਸਮੇਂ ਤੱਕ ਮੁਕਾਬਲਾ 1-1 ਨਾਲ ਬਰਾਬਰ ਰਹਿਣ ਤੋਂ ਬਾਅਦ ਪੈਨਲਟੀ ਸ਼ੂਟ ਆਊਟ 'ਚ ਸੁਰਜੀਤ ਹਾਕੀ ਅਕੈਡਮੀ ਨੂੰ 6-5 ਨਾਲ ਹਰਾ ਕੇ ਬੋਨਸ ਅੰਕ ਹਾਸਲ ਕੀਤਾ।

ਦਿਨ ਦੇ ਦੂਜੇ ਮੈਚ ਵਿੱਚ ਘੁਮਨਹੇੜਾ ਰਾਈਜ਼ਰਜ਼ ਅਕੈਡਮੀ, ਦਿੱਲੀ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਰਿਪਬਲਿਕਨ ਸਪੋਰਟਸ ਕਲੱਬ, ਮੁੰਬਈ ਨੂੰ 4-0 ਨਾਲ ਹਰਾਇਆ। ਇਹ ਲੀਗ ਵਿਚ ਦਿੱਲੀ ਦੀ ਟੀਮ ਦੀ ਇਹ ਤੀਜੀ ਜਿੱਤ ਸੀ। 5ਵੇਂ ਦਿਨ ਦੀ ਖੇਡ ਸਮਾਪਤ ਹੋਣ ਤੋਂ ਬਾਅਦ ਰਾਊਂਡ ਗਲਾਸ ਹਾਕੀ ਅਕੈਡਮੀ ਤਿੰਨ ਮੈਚਾਂ ਵਿਚ 9 ਅੰਕਾਂ ਨਾਲ ਅੰਕ ਸੂਚੀ ਵਿਚ ਪਹਿਲੇ ਸਥਾਨ 'ਤੇ ਹੈ। ਨਵੀਂ ਦਿੱਲੀ ਦੀ ਘੁਮਨਹੇੜਾ ਰਾਈਜ਼ਰਜ਼ ਅਕੈਡਮੀ ਅਤੇ ਜਮਸ਼ੇਦਪੁਰ ਦੀ ਨੇਵਲ ਟਾਟਾ ਹਾਕੀ ਅਕੈਡਮੀ ਕ੍ਰਮਵਾਰ ਦੂਜੇ ਅਤੇ ਤੀਜੇ ਸਥਾਨ 'ਤੇ ਹਨ। ਦੋਵਾਂ ਟੀਮਾਂ ਦੇ ਵੀ 9-9 ਅੰਕ ਹਨ। ਉੜੀਸਾ ਨੇਵਲ ਟਾਟਾ ਐੱਚ ਪੀ ਸੀ ਦੋ ਮੈਚਾਂ ਵਿੱਚ 6 ਅੰਕਾਂ ਨਾਲ ਚੌਥੇ ਸਥਾਨ 'ਤੇ ਹੈ। 24 ਨਵੰਬਰ ਨੂੰ ਪਹਿਲਾ ਮੈਚ ਸਵੇਰੇ 9 ਵਜੇ ਸਪੋਰਟਸ ਡਿਵੈਲਪਮੈਂਟ ਅਥਾਰਟੀ ਆਫ਼ ਤਾਮਿਲਨਾਡੂ ਤੇ ਸੁਰਜੀਤ ਹਾਕੀ ਅਕੈਡਮੀ, ਜਲੰਧਰ ਵਿਚਕਾਰ ਖੇਡਿਆ ਜਾਵੇਗਾ, ਦੂਜਾ ਮੁਕਾਬਲਾ ਸਵੇਰੇ 11 ਵਜੇ ਨਾਮਧਾਰੀ ਇਲੈਵਨ ਤੇ ਗਵਰਨਮੈਂਟ ਹਾਕੀ ਅਕੈਡਮੀ, ਸੋਨੀਪਤ ਵਿਚਕਾਰ ਖੇਡਿਆ ਜਾਵੇਗਾ, ਜਦਕਿ ਤੀਜਾ ਮੁਕਾਬਲਾ ਮੇਜਰ ਧਿਆਨ ਚੰਦ ਸਪੋਰਟਸ ਕਾਲਜ, ਸੈਫਈ ਤੇ ਰਾਊਂਡ ਗਲਾਸ ਹਾਕੀ ਅਕੈਡਮੀ ਵਿਚਕਾਰ ਖੇਡਿਆ ਜਾਵੇਗਾ।

'ਜੀਟੀਏ-6' ਨੇ ਬਣਾਇਆ ਰਿਕਾਰਡ, ਪਹਿਲੇ ਦਿਨ ਕੀਤੀ 3.79 ਅਰਬ ਡਾਲਰ ਦੀ ਕਮਾਈ



ਨਵੀਂ ਦਿੱਲੀ : ਪ੍ਰਸਿੱਧ ਵੀਡੀਓ ਗੇਮ 'ਗ੍ਰੈਂਡ ਥੈਫਟ ਆਟੋ 6' (ਜੀਟੀਏ-6) ਨੇ ਪਹਿਲੇ ਦਿਨ ਪ੍ਰਚੂਨ ਵਿਕਰੀ 'ਚ 3.79 ਅਰਬ ਡਾਲਰ ਦੀ ਕਮਾਈ ਕਰ ਕੇ ਇਕ ਨਵਾਂ ਰਿਕਾਰਡ ਕਾਇਮ ਕੀਤਾ ਹੈ ਤੇ ਮਨੋਰੰਜਨ ਉਦਯੋਗ 'ਚ ਹੁਣ ਤੱਕ ਦੀ ਸਭ ਤੋਂ ਵੱਡੀ ਓਪਨਿੰਗ ਦਾ ਖ਼ਿਤਾਬ ਹਾਸਲ ਕੀਤਾ ਹੈ। ਟੇਕ-ਟੂ ਇੰਟਰਐਕਟਿਵ ਸੌਫਟਵੇਅਰ ਦੀ ਇਕ ਇਕਾਈ ਰਾਕਸਟਾਰ ਗੇਮਜ਼ ਨੇ ਇਹ ਜਾਣਕਾਰੀ ਦਿਤੀ। ਕੰਪਨੀ ਨੇ ਕਿਹਾ ਕਿ 'ਜੀਟੀਏ 6' ਨੂੰ ਮੈਟਾਕ੍ਰਿਟਿਕ 'ਤੇ 100 'ਚੋਂ 99 ਸਕੋਰ ਮਿਲੇ ਹਨ। ਗੇਮ ਨੂੰ ਆਲੋਚਕਾਂ ਤੋਂ ਵਿਆਪਕ ਪ੍ਰਸ਼ੰਸਾ ਮਿਲੀ ਹੈ। ਇਸ ਤੋਂ ਇਲਾਵਾ, ਰਿਲੀਜ਼ ਤੋਂ ਪਹਿਲਾਂ ਇਸ ਦੀਆਂ 3.25 ਕਰੋੜ ਕਾਪੀਆਂ ਵਿਕੀਆਂ ਸਨ, ਜੋ ਸਾਰੇ ਪਲੇਟਫਾਰਮਾਂ 'ਤੇ ਇਕ ਨਵਾਂ ਰਿਕਾਰਡ ਹੈ। ਰਾਕਸਟਾਰ ਗੇਮਜ਼ ਦੇ ਪ੍ਰਧਾਨ ਤੇ ਸੰਸਥਾਪਕ ਸੈਮ ਹਾਉਸਰ ਨੇ ਕਿਹਾ, ''ਅਸੀਂ ਦੁਨੀਆ ਭਰ ਦੇ ਖਿਡਾਰੀਆਂ ਤੋਂ ਮਿਲੇ ਹੁੰਗਾਰੇ ਤੋਂ ਬਹੁਤ ਖ਼ੁਸ਼ ਹਾਂ ਤੇ ਇਸ ਪਲ ਨੂੰ ਉਨ੍ਹਾਂ ਨਾਲ ਸਾਂਝਾ ਕਰਨ ਲਈ ਬਹੁਤ ਉਤਸ਼ਾਹਤ ਹਾਂ।''

'ਗ੍ਰੈਂਡ ਥੈਫਟ ਆਟੋ 6' ਪਲੇਅਸਟੇਸ਼ਨ ਸਟੋਰ, ਮਾਈਕ੍ਰੋਸਾਫਟ ਸਟੋਰ, ਰਾਕਸਟਾਰ ਗੇਮਜ਼ ਸਟੋਰ, ਤੇ ਦੁਨੀਆ ਭਰ ਦੇ ਰਿਟੇਲਰਾਂ ਤੇ ਆਨਲਾਈਨ ਸਟੋਰਾਂ 'ਤੇ ਉਪਲਬਧ ਹੈ। ਰਾਕਸਟਾਰ ਗੇਮਜ਼ ਨੇ ਵੀਰਵਾਰ ਨੂੰ ਅਪਣੀ ਗੇਮ ਰਿਲੀਜ਼ ਕੀਤੀ ਸੀ। ਪ੍ਰਸ਼ੰਸਕ ਇਸ ਗੇਮ ਪ੍ਰਤੀ ਇੰਨੇ ਉਤਸ਼ਾਹਤ ਸਨ ਕਿ ਉਹ ਅਪਣੇ ਕੰਮ ਦੇ ਸਮਾਂ-ਸਾਰਣੀ ਨੂੰ ਵੀ ਬਦਲ ਰਹੇ ਸਨ ਤੇ ਲੰਬੇ ਸਮੇਂ ਲਈ ਇਸਨੂੰ ਖੇਡਣ ਲਈ ਮੀਟਿੰਗਾਂ ਤੋਂ ਵੀ ਬਚ ਰਹੇ ਸਨ। ਭਾਰਤ 'ਚ ਗੇਮ ਦੇ ਸਟੈਂਡਰਡ ਐਡੀਸ਼ਨ ਦੀ ਕੀਮਤ 5,999 ਹੈ ਤੇ ਅਲਟੀਮੇਟ ਐਡੀਸ਼ਨ ਦੀ ਕੀਮਤ 7,499 ਹੈ।

ਮਹਿਲਾ ਏਸ਼ੀਅਨ ਚੈਂਪੀਅਨਜ਼ ਟਰਾਫੀ: ਮੇਜ਼ਬਾਨ ਭਾਰਤ ਨੇ ਲਗਾਈ ਜਿੱਤ ਦੀ ਹੈਟ੍ਰਿਕ, ਥਾਈਲੈਂਡ ਨੂੰ 7-0 ਨਾਲ ਹਰਾਇਆ



ਭੋਪਾਲ: ਮਹਿਲਾ ਏਸ਼ੀਅਨ ਚੈਂਪੀਅਨਜ਼ ਟਰਾਫੀ ਵਿੱਚ ਮੇਜ਼ਬਾਨ ਭਾਰਤ ਨੇ ਸ਼ਾਨਦਾਰ ਪ੍ਰਦਰਸ਼ਨ ਜਾਰੀ ਰੱਖਦਿਆਂ ਜਿੱਤ ਦੀ ਹੈਟ੍ਰਿਕ ਲਗਾ ਦਿੱਤੀ ਹੈ। ਭੋਪਾਲ ਦੇ ਨਾਥੂ ਬਰਖੇੜਾ ਸਥਿਤ ਨਵੇਂ ਸਟੇਡੀਅਮ ਵਿੱਚ ਖੇਡੇ ਜਾ ਰਹੇ ਟੂਰਨਾਮੈਂਟ ਦੇ ਤੀਜੇ ਦਿਨ ਐਤਵਾਰ ਨੂੰ ਭਾਰਤੀ ਟੀਮ ਨੇ ਥਾਈਲੈਂਡ ਨੂੰ 7-0 ਨਾਲ ਇੱਕਤਰਫ਼ਾ ਹਰਾਇਆ। ਉੱਥੇ ਹੀ ਦਿਨ ਦੇ ਦੋ ਹੋਰ ਮੁਕਾਬਲਿਆਂ ਵਿੱਚ ਮਲੇਸ਼ੀਆ ਨੇ ਕੋਰੀਆ ਨੂੰ 3-1 ਨਾਲ ਅਤੇ ਜਾਪਾਨ ਨੇ ਚੀਨ ਨੂੰ 3-1 ਨਾਲ ਮਾਤ ਦਿੱਤੀ। ਭਾਰਤੀ ਟੀਮ ਨੇ ਮੈਚ ਦੀ ਸ਼ੁਰੂਆਤ ਤੋਂ ਹੀ ਥਾਈਲੈਂਡ 'ਤੇ ਦਬਾਅ ਬਣਾਈ ਰੱਖਿਆ ਅਤੇ ਪਹਿਲੇ ਹੀ ਕੁਆਰਟਰ ਵਿੱਚ ਤਿੰਨ ਗੋਲ ਦਾਗ਼ ਕੇ ਮੈਚ 'ਤੇ ਆਪਣੀ ਪਕੜ ਮਜ਼ਬੂਤ ਕਰ ਲਈ। ਟੀਮ ਵੱਲੋਂ ਨਵਨੀਤ ਕੌਰ ਨੇ ਤੀਜੇ ਮਿੰਟ ਵਿੱਚ ਪੈਨਲਟੀ ਸਟਰੋਕ ਰਾਹੀਂ ਪਹਿਲਾ ਗੋਲ ਕੀਤਾ, ਜਦੋਂਕਿ ਦੀਪਿਕਾ ਨੇ 9ਵੇਂ ਅਤੇ 10ਵੇਂ ਮਿੰਟ ਵਿੱਚ ਲਗਾਤਾਰ ਦੋ ਗੋਲ ਕੀਤੇ। ਇਸ ਤੋਂ ਬਾਅਦ ਮੁਮਤਾਜ਼ ਖਾਨ ਨੇ 27ਵੇਂ ਅਤੇ ਸੁਨੇਲਿਤਾ ਟੋਪੋ ਨੇ 31ਵੇਂ ਮਿੰਟ ਵਿੱਚ ਗੋਲ ਕਰਕੇ ਭਾਰਤ ਦੀ ਲੀਡ 5-0 ਕਰ ਦਿੱਤੀ। ਤੀਜੇ ਕੁਆਰਟਰ ਵਿੱਚ ਭਾਰਤ ਨੇ ਇੱਕ ਹੋਰ ਗੋਲ ਕੀਤਾ। ਚੌਥੇ ਕੁਆਰਟਰ ਵਿੱਚ ਦੀਪਿਕਾ ਨੇ 55ਵੇਂ ਮਿੰਟ ਵਿੱਚ ਗੋਲ ਕਰਕੇ ਆਪਣੀ ਹੈਟ੍ਰਿਕ ਪੂਰੀ ਕੀਤੀ ਅਤੇ ਇਸੇ ਮਿੰਟ ਨਵਨੀਤ ਕੌਰ ਨੇ ਇੱਕ ਹੋਰ ਪੈਨਲਟੀ ਸਟਰੋਕ ਨੂੰ ਗੋਲ ਵਿੱਚ ਬਦਲ ਕੇ ਭਾਰਤ ਦੀ ਜਿੱਤ ਦਾ ਅੰਤਰ 7-0 ਕਰ ਦਿੱਤਾ। ਇਸ ਸ਼ਾਨਦਾਰ ਜਿੱਤ ਨਾਲ ਭਾਰਤੀ ਟੀਮ ਨੇ ਟੂਰਨਾਮੈਂਟ ਵਿੱਚ ਲਗਾਤਾਰ ਤੀਜੀ ਜਿੱਤ ਦਰਜ ਕੀਤੀ ਹੈ। ਤਿੰਨ ਗੋਲ ਕਰਨ ਵਾਲੀ ਦੀਪਿਕਾ ਮੈਚ ਦੀ ਟਾਪ ਸਕੋਰਰ ਰਹੀ।

ਭਾਰਤ ਤੇ ਨਿਊਜ਼ੀਲੈਂਡ 'ਚ ਟੈਸਟ ਮੈਚ ਡਰਾਅ ਰਹਿਣ ਤੋਂ ਬਾਅਦ ਸੌਰਵ ਗਾਂਗੁਲੀ ਨੇ ਕੁਲਦੀਪ ਯਾਦਵ ਅਤੇ ਮਾਨਵ ਸੁਤਾਰ ਨੂੰ ਬਾਹਰ ਰੱਖਣ 'ਤੇ ਚੁੱਕੇ ਸਵਾਲ



ਨਵੀਂ ਦਿੱਲੀ: ਨਿਊਜ਼ੀਲੈਂਡ ਖ਼ਿਲਾਫ਼ ਵੈਲਿੰਗਟਨ ਟੈਸਟ ਡਰਾਅ ਰਹਿਣ ਤੋਂ ਬਾਅਦ ਭਾਰਤ ਦੇ ਸਾਬਕਾ ਕਪਤਾਨ ਸੌਰਵ ਗਾਂਗੁਲੀ ਨੇ ਮਾਨਵ ਸੁਤਾਰ ਅਤੇ ਕੁਲਦੀਪ ਯਾਦਵ ਨੂੰ ਟੀਮ ਤੋਂ ਬਾਹਰ ਰੱਖਣ ਦੇ ਫ਼ੈਸਲੇ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਸਪਾਟ ਪਿੱਚਾਂ 'ਤੇ ਟੈਸਟ ਜਿੱਤਣ ਲਈ ਚੋਟੀ ਦੇ ਸਪਿਨਰ ਦੀ ਲੋੜ ਹੁੰਦੀ ਹੈ।

ਭਾਰਤੀ ਟੀਮ ਪੰਜਵੇਂ ਦਿਨ ਗਲੇਨ ਫਿਲਿਪਸ ਅਤੇ ਡੈਰਿਲ ਮਿਸ਼ੇਲ ਵਿਚਕਾਰ ਛੇਵੀਂ ਵਿਕਟ ਦੀ ਸਾਂਝੇਦਾਰੀ ਨਹੀਂ ਤੋੜ ਸਕੀ। ਕੀਵੀ ਬੱਲੇਬਾਜ਼ਾਂ ਨੇ ਪੰਜਵੇਂ ਦਿਨ ਕ੍ਰੀਜ਼ 'ਤੇ ਡਟ ਕੇ ਬੱਲੇਬਾਜ਼ੀ ਕੀਤੀ। ਗਾਂਗੁਲੀ ਨੇ ਐਕਸ (X) 'ਤੇ ਲਿਖਿਆ, ''ਭਾਰਤ ਨੇ ਇਸ ਲੜੀ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਚਿੱਟੀ ਗੇਂਦ ਨਾਲ ਅਤੇ ਹੁਣ ਲਾਲ ਗੇਂਦ ਨਾਲ ਵੀ। ਬੱਲੇਬਾਜ਼ਾਂ ਨੇ ਬਿਹਤਰੀਨ ਯੋਗਦਾਨ ਦਿੱਤਾ ਪਰ ਵਿਦੇਸ਼ ਵਿੱਚ ਟੈਸਟ ਮੈਚ ਜਿੱਤਣ ਲਈ ਸਪਾਟ ਪਿੱਚਾਂ 'ਤੇ ਇੱਕ ਚੰਗੇ ਸਪਿਨਰ ਦੀ ਲੋੜ ਹੁੰਦੀ ਹੈ।''

ਉਨ੍ਹਾਂ ਕਿਹਾ, ''ਟੈਸਟ ਕ੍ਰਿਕਟ ਵਿੱਚ ਇਹ ਜ਼ਰੂਰੀ ਹੈ। ਵਾਸ਼ਿੰਗਟਨ ਸੁੰਦਰ ਹਰਫ਼ਨਮੌਲਾ ਵਜੋਂ ਖੇਡ ਸਕਦੇ ਹਨ ਪਰ ਕੁਲਦੀਪ ਯਾਦਵ ਜਾਂ ਮਾਨਵ ਸੁਤਾਰ ਕਿੱਥੇ ਹਨ।''

ਕੁਲਦੀਪ ਸ਼ੁਰੂਆਤ ਵਿੱਚ ਟੈਸਟ ਟੀਮ ਦਾ ਹਿੱਸਾ ਸਨ ਪਰ ਦੋ ਮੈਚਾਂ ਦੀ ਲੜੀ ਤੋਂ ਪਹਿਲਾਂ ਖੱਬੇ ਹੱਥ ਦੇ ਕਲਾਈ ਦੇ ਇਸ ਸਪਿਨਰ ਦੀ ਥਾਂ ਅੰਸ਼ੁਲ ਕੰਬੋਜ ਨੂੰ ਸ਼ਾਮਲ ਕਰ ਲਿਆ ਗਿਆ।

ਤਿੰਨ ਟੈਸਟ ਮੈਚਾਂ ਵਿੱਚ 23 ਵਿਕਟਾਂ ਲੈ ਚੁੱਕੇ ਸੁਤਾਰ ਨੂੰ 15 ਮੈਂਬਰੀ ਟੀਮ ਵਿੱਚ ਥਾਂ ਨਹੀਂ ਮਿਲੀ। ਭਾਰਤੀ ਟੀਮ ਵਿੱਚ ਇੱਕੋ-ਇੱਕ ਸਪਿਨਰ ਸੁੰਦਰ ਹਨ। ਭਾਰਤ ਦੇ ਸਾਬਕਾ ਸਪਿਨਰ ਆਰ ਅਸ਼ਵਿਨ ਨੇ ਕਿਹਾ ਕਿ ਭਾਰਤੀ ਟੀਮ ਨੂੰ ਆਖ਼ਰੀ 15 ਓਵਰ ਸੁੱਟ ਕੇ ਨਤੀਜਾ ਕੱਢਣ ਦੀ ਕੋਸ਼ਿਸ਼ ਕਰਨੀ ਚਾਹੀਦੀ ਸੀ।

ਉਨ੍ਹਾਂ ਕਿਹਾ, ''ਬਾਕੀ 15 ਓਵਰ ਵੀ ਸੁੱਟੇ ਜਾਣੇ ਚਾਹੀਦੇ ਸਨ। ਪੰਜ ਵਿਕਟਾਂ ਲੈਣੀਆਂ ਸਨ ਅਤੇ ਇਸ ਲਈ ਕੋਸ਼ਿਸ਼ ਕਰਨੀ ਚਾਹੀਦੀ ਸੀ। ਕੁਝ ਵੀ ਹੋ ਸਕਦਾ ਸੀ। ਜਿੱਤ ਦੀ ਤਤਪਰਤਾ ਦਿਖਾਉਣੀ ਚਾਹੀਦੀ ਸੀ।'' ਭਾਰਤ ਦੇ ਸਾਬਕਾ ਹਰਫ਼ਨਮੌਲਾ ਇਰਫ਼ਾਨ ਪਠਾਨ ਨੇ ਮਿਸ਼ੇਲ ਅਤੇ ਫਿਲਿਪਸ ਦੀ ਤਾਰੀਫ਼ ਕਰਦਿਆਂ ਕਿਹਾ, ''ਦੋਵਾਂ ਨੇ 300 ਤੋਂ ਵੱਧ ਗੇਂਦਾਂ ਖੇਡੀਆਂ, ਜਿਸ ਤੋਂ ਸਾਬਤ ਹ